Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 104 | Wednesday, May 26, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਟੋਰਾਂਟੋ ਦੇ 65 ਫੀ ਸਦੀ ਬਾਲਗਾਂ ਨੂੰ ਲੱਗ ਚੁੱਕੀ ਹੈ ਕੋਵਿਡ-19 ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼

ਟੋਰਾਂਟੋ, 25 ਮਈ (ਪੋਸਟ ਬਿਊਰੋ) : ਟੋਰਾਂਟੋ ਦੇ ਲੱਗਭਗ 65 ਫੀ ਸਦੀ ਬਾਲਗਾਂ ਨੂੰ ਹੁਣ ਤੱਕ ਕੋਵਿਡ-19 ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਹਾਸਲ ਹੋ ਚੁੱਕੀ ਹੈ।



ਮੰਗਲਵਾਰ ਸਵੇਰੇ ਸਿਟੀ ਵੱਲੋਂ ਇਸ ਖਬਰ ਦਾ ਐਲਾਨ ਕੀਤਾ ਗਿਆ। ਹਾਲੀਡੇਅ ਵੀਕੈਂਡ ਤੋਂ ਬਾਅਦ ਮੰਗਲਵਾਰ ਸਵੇਰੇ ਸਿਟੀ ਹਾਲ ਵਿੱਚ ਚਲਾਏ ਗਏ ਪੌਪ ਅੱਪ ਕਲੀਨਿਕ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਥਾਨਕ ਵਾਸੀਆਂ ਨੂੰ ਵੈਕਸੀਨੇਟ ਕੀਤਾ ਗਿਆ। ਵੈਕਸੀਨੇਸ਼ਨ ਕਰਵਾਉਣ ਵਾਲਿਆਂ ਵਿੱਚ 12 ਸਾਲ ਤੱਕ ਦੇ ਬੱਚੇ ਵੀ ਸ਼ਾਮਲ ਸਨ।

ਮੈਡੀਕਲ ਆਫੀਸਰ ਆਫ ਹੈਲਥ ਡਾ· ਐਲੀਨ ਡੀ ਵਿੱਲਾ ਨੇ ਇੱਕ ਪ੍ਰੈੱਸ ਰਲੀਜ਼ ਵਿੱਚ ਆਖਿਆ ਕਿ ਇਹ ਇੱਕ ਵੱਡੀ ਪ੍ਰਾਪਤੀ ਹੈ ਕਿ ਟੋਰਾਂਟੋ ਵਿੱਚ 18 ਸਾਲ ਤੋਂ ਉੱਪਰ ਉਮਰ ਦੇ 65 ਫੀ ਸਦੀ ਬਾਲਗਾਂ ਨੂੰ ਵੈਕਸੀਨ ਦੀ ਪਹਿਲੀ ਡੋਜ਼ ਲਾਈ ਜਾ ਚੁੱਕੀ ਹੈ। ਇਸ ਤੋਂ ਮਤਲਬ ਹੈ ਕਿ ਸਿਟੀ ਦੇ ਹਰੇਕ ਤਿੰਨ ਬਾਲਗਾਂ ਵਿੱਚੋਂ ਦੋ ਨੂੰ ਵੈਕਸੀਨ ਲੱਗ ਚੁੱਕੀ ਹੈ। ਉਨ੍ਹਾਂ ਆਖਿਆ ਕਿ ਇਹ ਲਾਮਿਸਾਲ ਕੰਮ ਸਿਰਫ ਟੀਮ ਟੋਰਾਂਟੋ ਦੀਆਂ ਕੋਸ਼ਿਸ਼ਾਂ ਦਾ ਹੀ ਨਤੀਜਾ ਨਹੀਂ ਹੈ ਸਗੋਂ ਟੋਰਾਂਟੋ ਦੇ ਲੋਕਾਂ ਦੀ ਵਚਨਬੱਧਤਾ ਕਾਰਨ ਵੀ ਇਹ ਟੀਚਾ ਹਾਸਲ ਕੀਤਾ ਜਾ ਸਕਿਆ ਹੈ।

ਉਨ੍ਹਾਂ ਆਖਿਆ ਕਿ ਵੈਕਸੀਨ ਦੀ ਸਪਲਾਈ ਵਿੱਚ ਵਾਧਾ ਹੋਣ ਕਾਰਨ ਵੀ ਇਸ ਤਰ੍ਹਾਂ ਦੇ ਨਤੀਜੇ ਹਾਸਲ ਕੀਤੇ ਜਾ ਸਕੇ ਹਨ। ਇਸ ਮੌਕੇ ਮੇਅਰ ਜੌਹਨ ਟੋਰੀ ਨੇ ਇੱਕ ਪ੍ਰੈੱਸ ਰਲੀਜ਼ ਵਿੱਚ ਆਖਿਆ ਕਿ ਇੱਕ ਵਾਰੀ ਫਿਰ ਪ੍ਰੀਮੀਅਰ ਡੱਗ ਫੋਰਡ ਨੇ ਵੈਕਸੀਨੇਸ਼ਨ ਦਾ ਇੱਕ ਟੀਚਾ ਮਿਥਿਆ ਤੇ ਟੋਰਾਂਟੋ ਦੇ ਲੋਕਾਂ ਦੇ ਸਹਿਯੋਗ ਨਾਲ ਅਸੀਂ ਉਸ ਟੀਚੇ ਨੂੰ ਪੂਰਾ ਕਰਨ ਵਿੱਚ ਕਾਮਯਾਬ ਰਹੇ। ਉਨ੍ਹਾਂ ਅੱਗੇ ਆਖਿਆ ਕਿ ਵੈਕਸੀਨੇਸ਼ਨ ਦਾ ਇਹ ਸਿਲਸਿਲਾ ਇਸੇ ਤਰ੍ਹਾਂ ਜਾਰੀ ਰਹੇਗਾ ਕਿਉਂਕਿ ਅਸੀਂ ਜਾਣਦੇ ਹਾਂ ਕਿ ਜਿੰਨੀ ਜਲਦੀ ਅਸੀਂ ਸਾਰਿਆਂ ਨੂੰ ਵੈਕਸੀਨੇਟ ਕਰਾਂਗੇ ਓਨੀ ਜਲਦੀ ਮਹਾਂਮਾਰੀ ਖਤਮ ਹੋਵੇਗੀ।

## ਮਹਾਂਮਾਰੀ ਦੌਰਾਨ ਚੋਣਾਂ ਨੂੰ ਗੈਰਜ਼ਿੰਮੇਵਰਾਨਾ ਐਲਾਨਣ ਲਈ ਐਮਪੀਜ਼ ਵਿਚ ਬਣੀ ਸਹਿਮਤੀ !

ਓਟਵਾ, 25 ਮਈ (ਪੋਸਟ ਬਿਊਰੋ) : ਬਲਾਕ ਕਿਊਬਿਕੁਆ ਵੱਲੋਂ ਮਹਾਂਮਾਰੀ ਦੌਰਾਨ ਚੋਣਾਂ ਨਾ ਕਰਵਾਏ ਜਾਣ ਸਬੰਧੀ ਲਿਆਂਦੇ ਗਏ ਮਤੇ ਨੂੰ ਲੱਗਭਗ ਸਾਰੀਆਂ ਪਾਰਟੀਆਂ ਵੱਲੋਂ ਹੀ ਸਮਰਥਨ ਦਿੱਤਾ ਗਿਆ ਤੇ ਇਸ ਗੱਲ ਉੱਤੇ ਵੀ ਸਹਿਮਤੀ ਬਣੀ ਕਿ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਅਜਿਹਾ ਹੋਣ ਤੋਂ ਰੋਕੇ।



ਇੰਡੀਪੈਂਡੈਂਟ ਐਮਪੀ ਡੈਰੇਕ ਸਲੋਨ ਤੋਂ ਇਲਾਵਾ ਸਾਰੇ ਐਮਪੀਜ਼ ਨੇ ਮਹਾਂਮਾਰੀ ਦੌਰਾਨ ਚੋਣਾਂ ਕਰਵਾਏ ਜਾਣ ਦੇ ਮਾਮਲੇ ਨੂੰ ਗੈਰਜ਼ਿੰਮੇਵਰਾਨਾ ਕਰਾਰ ਦਿੱਤਾ। ਇਸ ਤੋਂ ਪਹਿਲਾਂ ਦਿਨ ਵੇਲੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਸੀ ਕਿ ਉਨ੍ਹਾਂ ਦਾ ਧਿਆਨ ਮਹਾਂਮਾਰੀ ਦੌਰਾਨ ਕੈਨੇਡੀਅਨਾਂ ਦੀ ਮਦਦ ਉੱਤੇ ਹੀ ਕੇਂਦਰਿਤ ਹੈ ਤੇ ਇਸ ਮਹਾਂਮਾਰੀ ਦੇ ਮੁੱਕਣ ਤੱਕ ਚੋਣਾਂ ਕਰਵਾਉਣ ਦਾ ਸਰਕਾਰ ਦਾ ਕੋਈ ਇਰਾਦਾ ਨਹੀਂ ਹੈ।

ਉਨ੍ਹਾਂ ਆਖਿਆ ਕਿ ਮਹਾਂਮਾਰੀ ਮੁੱਕਣ ਤੋਂ ਪਹਿਲਾਂ ਕੋਈ ਵੀ ਚੋਣਾਂ ਨਹੀਂ ਕਰਵਾਉਣਾ ਚਾਹੁੰਦਾ। ਇਸ ਮਤੇ ਵਿੱਚ ਪਿਛਲੇ ਸਾਲ ਕੋਵਿਡ-19 ਕਾਰਨ ਮਚੀ ਤਬਾਹੀ ਦਾ ਵੀ ਜ਼ਿਕਰ ਕੀਤਾ ਗਿਆ ਜਿਸ ਦੌਰਾਨ 25000 ਤੋਂ ਵੱਧ ਕੈਨੇਡੀਅਨਾਂ ਦੀਆਂ ਜਾਨਾਂ ਚਲੀਆਂ ਗਈਆਂ। ਇਸ ਮੌਕੇ ਟਰੂਡੋ ਸਮੇਤ ਮੌਜੂਦ ਸਾਰੇ ਲਿਬਰਲਾਂ ਨੇ ਇਸ ਮਤੇ ਦੇ ਪੱਖ ਵਿੱਚ ਵੋਟ ਪਾਈ।

ਇਸ ਸੱਭ ਦੇ ਬਾਵਜੂਦ ਪਾਰਟੀਆਂ ਚੋਣਾਂ ਦੇ ਸਬੰਧ ਵਿੱਚ ਆਪੋ ਆਪਣੀਆਂ ਤਿਆਰੀਆਂ ਕਰਨ ਵਿੱਚ ਵੀ ਰੁੱਝੀਆਂ ਹੋਈਆਂ ਹਨ। ਹੁਣ ਤੱਕ ਲਿਬਰਲਾਂ ਵੱਲੋਂ 152 ਉਮੀਦਵਾਰ, ਕੰਜ਼ਰਵੇਟਿਵਾਂ ਵੱਲੋਂ 206 ਉਮੀਦਵਾਰ, ਐਨਡੀਪੀ ਵੱਲੋਂ 75 ਉਮੀਦਵਾਰ ਤੇ ਗ੍ਰੀਨਜ਼ ਵੱਲੋਂ 18 ਉਮੀਦਵਾਰਾਂ ਨੂੰ ਨਾਮਜਦ ਕੀਤਾ ਜਾ ਚੁੱਕਿਆ ਹੈ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd
1550 South Gateway Rd. Suite 220 Mississauga, ON L4W 5G6

## ਜੀ ਟੀ ਏ ਦੇ ਫੂਡ ਬੈਂਕਜ਼ ਲਈ ਚਲਾਈ ਗਈ ਫੂਡ ਡਰਾਈਵ ਰਹੀ ਸਫਲ

ਟੋਰਾਂਟੋ, 25 ਮਈ (ਪੋਸਟ ਬਿਊਰੋ) : ਖਾਲਸਾ ਡੇਅ ਦੇ 322 ਸਾਲਾ ਜਸ਼ਨਾ ਤੇ ਸਿੱਖ ਹੈਰੀਟੇਜ ਮੰਥ ਦੇ ਜਸ਼ਨਾਂ ਨੂੰ ਮਨਾਉਣ ਲਈ ਓਨਟਾਰੀਓ ਸਿੱਖ ਐਂਡ ਗੁਰਦੁਆਰਾ ਕਾਊਂਸਲ ਅਤੇ ਦ ਸਿੱਖ ਮਲੋਟਰਸਾਈਕਲ ਕਲੱਬ ਆਫ ਓਨਟਾਰੀਓ ਵੱਲੋਂ ਜੀਟੀਏ ਦੇ ਫੂਡ ਬੈਂਕਜ਼ ਦੀ ਮਦਦ ਲਈ ਫੂਡ ਡਰਾਈਵ ਦਾ ਆਯੋਜਨ ਕੀਤਾ ਗਿਆ।

ਇਸ ਫੂਡ ਡਰਾਈਵ ਨੂੰ ਕਾਫੀ ਸਫਲਤਾ ਮਿਲੀ ਤੇ ਜੀਟੀਏ ਦੀ ਸਮੁੱਚੀ ਕਮਿਊਨਿਟੀ ਨੇ ਇਸ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਦੌਰਾਨ 25000 ਪਾਊਂਡ ਫੂਡ ਇੱਕਠਾ ਕੀਤਾ ਗਿਆ। ਇਹ ਫੂਡ ਮਿਸੀਸਾਗਾ ਵਿੱਚ ਸੇਵਾ ਫੂਡ ਬੈਂਕ ਤੇ ਟੋਰਾਂਟੋ ਵਿੱਚ ਡੇਲੀ ਬ੍ਰੈੱਡ ਫੂਡ ਬੈਂਕ ਨੂੰ ਦਿੱਤਾ ਗਿਆ।



ਫੂਡ ਜੀਟੀਏ ਭਰ ਦੀਆਂ ਲੋਕੇਸ਼ਨਾਂ ਜਿਵੇਂ ਕਿ ਸਕਾਰਬੌਰੋ ਗੁਰਦੁਆਰਾ ਸਾਹਿਬ ;905 ਮਿਡਲਫੀਲਡ ਰੋਡ, ਰਿਵਾਲਡਾ ਰੋਡ ਗੁਰਦੁਆਰਾ ਸਾਹਿਬ; 140 ਰਿਵਾਲਡਾ ਰੋਡ, ਨੌਰਥ ਯੌਰਕ, ਗੁਰਦੁਆਰਾ ਦਸਮੇਸ਼ ਦਰਬਾਰ; 4555 ਐਬੇਨੇਜਰ ਰੋਡ, ਬਰੈਂਪਟਨ ਅਤੇ ਸਿੱਖ ਹੈਰੀਟੇਜ ਗੁਰਦੁਆਰਾ ਸਾਹਿਬ; 11796 ਏਅਰਪੋਰਟ ਰੋਡ, ਬਰੈਂਪਟਨ ਤੇ ਫਰੈਸਕੋ ਅਤੇ ਏਸ਼ੀਅਨ ਫੂਡਜ਼ ਤੋਂ ਇੱਕਠਾ ਕੀਤਾ ਗਿਆ।

ਵਾਟਰਲੂ ਵਿੱਚ ਇਹ ਫੂਡ ਕਿਚਨਰ ਗੁਰਦੁਆਰਾ ਸਾਹਿਬ; 2070 ਸਨਾਈਡਰ ਰੋਡ ਈਸਟ, ਕਿਚਨਰ, ਕੈਂਬ੍ਰਿਜ ਗੁਰਦੁਆਰਾ ਸਾਹਿਬ; 107 ਟਾਊਨਲਾਈਨ ਰੋਡ ਤੇ ਬ੍ਰੈਂਟਫੋਰਡ ਗੁਰਦੁਆਰਾ ਸਾਹਿਬ; 483 ਪਾਰਕ ਰੋਡ ਨੌਰਥ, ਬ੍ਰੈਂਟਫੋਰਡ ਤੇ ਬਾਬਾ ਬੁੱਢਾ ਗੁਰਦੁਆਰਾ ਸਾਹਿਬ, ਸਟੋਨੀ ਕ੍ਰੀਕ ਵਿਖੇ ਫੂਡ ਇੱਕਠਾ ਕੀਤਾ ਗਿਆ। ਇਸ ਰੀਜਨ ਤੋਂ ਇੱਕਠਾ ਕੀਤਾ ਗਿਆ ਫੂਡ ਲੋਕਲ ਫੂਡ ਬੈਂਕਸ ਨੂੰ ਜਾਵੇਗਾ।

ਇਸ ਤੋਂ ਇਲਾਵਾ ਫੂਡ ਓਂਕਾਰ ਫੂਡਜ਼ ਐਂਡ ਸਪਾਈਸਿਜ਼, ਜੋ ਕਿ 101 ਹੇਜ਼ਲਗਲੈਨ ਡਰਾਈਵ ਤੇ 1541 ਹਾਈਲੈਂਡ ਰੋਡ ਵੈਸਟ ਲੋਕੇਸ਼ਨਾ, ਜੋ ਕਿ ਕਿਚਨਰ ਵਿੱਚ ਹਨ ਤੋਂ ਇੱਕਠਾ ਕੀਤਾ ਜਾ ਸਕਦਾ ਹੈ। ਓਐਸਜੀਸੀ ਦੇ ਚੇਅਰਮੈਨ ਕੁਲਤਾਰ ਸਿੰਘ ਗਿੱਲ ਤੇ ਓਐਸਜੀਸੀ ਦੇ ਸਕੱਤਰ ਮਨਜੀਤ ਸਿੰਘ ਪਰਮਾਰ ਨੇ ਆਖਿਆ ਕਿ ਇਸ ਮੌਕੇ ਯੋਗਦਾਨ ਪਾਉਣ ਵਾਲਿਆਂ ਦਾ ਉਹ ਸ਼ੁਕਰੀਆ ਅਦਾ ਕਰਦੇ ਹਨ ਤੇ ਇਸ ਫੂਡ ਡਰਾਈਵ ਨੂੰ ਪ੍ਰਮੋਟ ਕਰਨ ਲਈ ਪੰਜਾਬੀ ਮੀਡੀਆ ਵੱਲੋਂ ਕੀਤੀ ਗਈ ਪ੍ਰਮੋਸ਼ਨ ਲਈ ਉਨ੍ਹਾਂ ਦਾ ਧੰਨਵਾਦ ਵੀ ਕਰਦੇ ਹਨ।

## ਬੇਲਾਰੂਸ ਨੇ ਕੈਨੇਡਾ ਸਥਿਤ ਅੰਬੈਸੀ ਨੂੰ ਬੰਦ ਕਰਨ ਦੀ ਕੀਤਾ ਐਲਾਨ

ਓਟਵਾ, 25 ਮਈ (ਪੋਸਟ ਬਿਊਰੋ) : ਇੱਕ ਵਿਰੋਧੀ ਸੁਰ ਵਾਲੇ ਪੱਤਰਕਾਰ ਨੂੰ ਗ੍ਰਿਫਤਾਰ ਕਰਨ ਲਈ ਪੈਸੈਂਜਰ ਜੈੱਟ ਨੂੰ ਧੱਕੇ ਨਾਲ ਕਿਤੇ ਹੋਰ ਉਤਾਰਨ ਦੇ ਮਾਮਲੇ ਦੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਨਿਖੇਧੀ ਕੀਤੇ ਜਾਣ ਉੱਤੇ ਤੈਸ਼ ਵਿੱਚ ਆਈ ਰਿਪਬਲਿਕ ਆਫ ਬੇਲਾਰੂਸ ਦੀ ਸਰਕਾਰ ਨੇ ਕੈਨੇਡਾ ਵਿਚਲੀ ਅੰਬੈਸੀ ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ।

ਬੇਲਾਰੂਸ ਦੀ ਅੰਬੈਸੀ ਵੱਲੋਂ ਪਹਿਲੀ ਸਤੰਬਰ, 2021 ਤੋਂ ਆਪਣੀਆਂ ਗਤੀਵਿਧੀਆਂ ਮੁਲਤਵੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਹਾਲਾਂਕਿ ਕਾਊਂਸਲਰ ਸਰਵਿਸਿਜ਼ ਜਿਵੇਂ ਕਿ ਵੀਜ਼ਾ ਅਰਜ਼ੀਆਂ ਤੇ ਹੋਰ ਦਸਤਾਵੇਜ਼ਾਂ ਦੀ ਪ੍ਰਕਿਰਿਆ ਉੱਤੇ 10 ਜੁਲਾਈ ਤੱਕ ਰੋਕ ਲਾਈ ਜਾਵੇਗੀ। ਇਹ ਐਲਾਨ ਮੰਗਲਵਾਰ ਨੂੰ ਅਧਿਕਾਰੀਆਂ ਨੇ ਕੀਤਾ। ਮੰਗਲਵਾਰ ਨੂੰ ਇੱਕ ਪ੍ਰੈੱਸ



ਕਾਨਫਰੰਸ ਦੌਰਾਨ ਟਰੂਡੋ ਨੇ ਬੇਲਾਰੂਸ ਦੀ ਇਸ ਹਰਕਤ ਨੂੰ ਅਪਮਾਨਜਨਕ, ਗੈਰਕਾਨੂੰਨੀ ਤੇ ਅਸਵੀਕਾਰਨਯੋਗ ਕਰਾਰ ਦਿੱਤਾ। ਟਰੂਡੋ ਨੇ ਆਖਿਆ ਕਿ ਕੈਨੇਡੀਅਨ ਸਰਕਾਰ ਵੱਲੋ ਬੇਲਾਰੂਸ ਦੇ ਪੱਤਰਕਾਰ ਰੋਮਨ ਪ੍ਰੋਤਾਸੇਵਿਚ ਨੂੰ ਫੌਰੀ ਰਿਹਾਅ ਕਰਨ ਦੀ ਮੰਗ ਕੀਤੀ ਜਾਂਦੀ ਹੈ।

ਉਨ੍ਹਾਂ ਆਖਿਆ ਕਿ ਇਹ ਜਮਹੂਰੀਅਤ ਉੱਤੇ ਹੀ ਹਮਲਾ ਨਹੀਂ ਹੈ ਸਗੋਂ ਪ੍ਰੈੱਸ ਦੀ ਆਜ਼ਾਦੀ ਉੱਤੇ ਵੀ ਹਮਲਾ ਹੈ। ਜ਼ਿਕਰਯੋਗ ਹੈ ਕਿ ਰਾਇਨੇਅਰ ਦੀ ਜਿਸ ਫਲਾਈਟ ਉੱਤੇ ਪ੍ਰੋਤਾਸੇਵਿਚ ਸੀ ਉਸ ਫਲਾਈਟ ਨੂੰ ਬੰਬ ਹੋਣ ਦੀ ਧਮਕੀ ਦੱਸ ਕੇ ਉਤਾਰ ਲਿਆ ਗਿਆ। ਇਹ ਜਹਾਜ਼ ਗ੍ਰੀਸ ਤੋਂ ਲਿਥੂਆਨੀਆ ਜਾ ਰਿਹਾ ਸੀ ਤੇ ਜਦੋਂ ਇਹ ਬੇਲਾਰੂਸ ਦੀ ਏਅਰਸਪੇਸ ਵਿੱਚ ਸੀ ਤਾਂ ਬੇਲਾਰੂਸ ਦੇ ਫਾਈਟਰ ਜਹਾਜ਼ਾਂ ਵੱਲੋਂ ਇਸ ਦੀ ਘੇਰਾਬੰਦੀ ਕਰਕੇ ਇਸ ਨੂੰ ਹੇਠਾਂ ਉਤਾਰ ਲਿਆ ਗਿਆ ਤੇ 26 ਸਾਲਾ ਸਮਾਜ ਸੇਵਕ, ਪੱਕਰਕਾਰ ਤੇ ਰਾਸ਼ਟਰਪਤੀ ਅਲੈਗਜ਼ੈਂਡਰ ਲੁਕਾਸ਼ੈਂਕੋ ਦੇ ਆਲੋਚਕ ਪ੍ਰੋਤਾਸੇਵਿਚ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਟਰੂਡੋ ਵੱਲੋਂ ਇਸ ਤਰ੍ਹਾਂ ਦੀ ਕਾਰਵਾਈ ਦੀ ਨਿਖੇਧੀ ਕੀਤੀ ਗਈ। ਉਨ੍ਹਾਂ ਆਖਿਆ ਕਿ ਪਹਿਲਾਂ ਹੀ ਕੈਨੇਡਾ ਵੱਲੋਂ ਬੇਲਾਰੂਸ ਉੱਤੇ ਪਾਬੰਦੀਆਂ ਲਗਾਈਆਂ ਹੋਈਆਂ ਹਨ ਤੇ ਸਰਕਾਰ ਅੱਗੇ ਹੋਰ ਬਦਲ ਉੱਤੇ ਵਿਚਾਰ ਕਰੇਗੀ।

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

INSURANCE
Home · Auto
Business · Trucking
Life Insurance · Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

## ਓਨਟਾਰੀਓ ਵਿੱਚ ਕੋਵਿਡ-19 ਮਾਮਲੇ ਇੱਕ ਦਿਨ ਵਿੱਚ ਘੱਟ ਕੇ 1039 ਰਹਿ ਗਏ

ਓਨਟਾਰੀਓ, 25 ਮਈ (ਪੋਸਟ ਬਿਊਰੋ) : ਓਨਟਾਰੀਓ ਵਿੱਚ ਮੰਗਲਵਾਰ ਨੂੰ ਕੋਵਿਡ-19 ਦੇ 1100 ਤੋਂ ਵੀ ਘੱਟ ਨਵੇਂ ਮਾਮਲੇ ਦਰਜ ਕੀਤੇ ਗਏ। ਇਹ ਮਾਰਚ ਤੋਂ ਲੈ ਕੇ ਹੁਣ ਤੱਕ ਇੱਕ ਦਿਨ ਵਿੱਚ ਪਾਏ ਗਏ ਸੱਭ ਤੋਂ ਘੱਟ ਮਾਮਲੇ ਹਨ।

ਪ੍ਰੋਵਿੰਸ਼ੀਅਲ ਹੈਲਥ ਅਧਿਕਾਰੀਆਂ ਵੱਲੋਂ ਕਰੋਨਾਵਾਇਰਸ ਦੇ ਨਵੇਂ 1039 ਮਾਮਲੇ ਰਿਕਾਰਡ ਕੀਤੇ ਗਏ ਤੇ 33 ਨਵੀਆਂ ਮੌਤਾਂ ਦਰਜ ਕੀਤੀਆਂ ਗਈਆਂ। ਇਹ ਮਾਮਲੇ 6 ਮਾਰਚ ਨੂੰ ਰਿਕਾਰਡ ਕੀਤੇ ਗਏ 990 ਮਾਮਲਿਆਂ ਤੋਂ ਬਾਅਦ ਸੱਭ ਤੋਂ ਘੱਟ ਮਾਮਲੇ ਦੱਸੇ ਜਾ ਰਹੇ ਹਨ। ਪਿਛਲੇ 24 ਘੰਟਿਆਂ ਵਿੱਚ 16,857 ਟੈਸਟ ਕੀਤੇ ਗਏ। ਪ੍ਰੋਵਿੰਸ ਦੀ ਪਾਜ਼ੀਟਿਵਿਟੀ ਦਰ ਹੁਣ 6·4 ਫੀ ਸਦੀ ਹੈ, ਜਿਸ ਵਿੱਚ ਇੱਕ



ਦਿਨ ਪਹਿਲਾਂ ਨਾਲੋਂ ਕੋਈ ਤਬਦੀਲੀ ਨਹੀਂ ਹੋਈ ਹੈ। ਇਹ ਖੁਲਾਸਾ ਸਿਹਤ ਮੰਤਰਾਲੇ ਵੱਲੋਂ ਕੀਤਾ ਗਿਆ।

ਸੋਮਵਾਰ ਨੂੰ ਓਨਟਾਰੀਓ ਵਿੱਚ 1446 ਨਵੇਂ ਮਾਮਲੇ ਸਾਹਮਣੇ ਆਏ ਸਨ ਤੇ ਅੱਠ ਹੋਰ ਮੌਤਾਂ ਹੋਈਆਂ ਸਨ। ਵਿਕਟੋਰੀਆ ਡੇਅ ਹਾਲੀਡੇਅ ਕਾਰਨ ਪ੍ਰੋਵਿੰਸ ਵੱਲੋਂ ਸੋਮਵਾਰ ਨੂੰ ਕੋਈ ਅੰਕੜੇ ਜਾਰੀ ਨਹੀਂ ਕੀਤੇ ਗਏ। ਪਿਛਲੇ ਦੋ ਦਿਨਾਂ ਵਿੱਚ ਰਿਪੋਰਟ ਕੀਤੇ ਗਏ ਮਾਮਲਿਆਂ ਨੂੰ ਵੇਖਣ ਉੱਤੇ ਪ੍ਰੋਵਿੰਸ ਵਿੱਚ ਇਨਫੈਕਸ਼ਨ ਦੇ ਘੱਟ ਹੋਣ ਦਾ ਹੀ ਪਤਾ ਲੱਗ ਰਿਹਾ ਹੈ।

ਐਤਵਾਰ ਨੂੰ ਓਨਟਾਰੀਓ ਵਿੱਚ 1691 ਤੇ ਸ਼ਨਿੱਚਰਵਾਰ ਨੂੰ 1794 ਜਦਕਿ ਸ਼ੁੱਕਰਵਾਰ ਨੂੰ 1890 ਮਾਮਲੇ ਦਰਜ ਕੀਤੇ ਗਏ ਸਨ। ਇਹ ਵੀ ਪਤਾ ਲੱਗਿਆ ਹੈ ਕਿ ਪ੍ਰੋਵਿੰਸ ਵਿੱਚ ਪਿਛਲੇ ਦੋ ਦਿਨਾਂ ਵਿੱਚ 4100 ਹੋਰ ਲੋਕ ਰਿਕਵਰ ਕਰ ਚੁੱਕੇ ਹਨ ਜਦਕਿ ਇਸ ਸਮੇਂ ਪ੍ਰੋਵਿੰਸ ਭਰ ਵਿੱਚ 19026 ਐਕਟਿਵ ਮਾਮਲੇ ਪਾਏ ਗਏ ਹਨ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Insurance Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps
Cockroaches · Carpenter Ants · Silver Fish · Racoons
Call : PARESH PATEL (Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration · Real Estate
Family Law · Business Closing
Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਦਿੱਲੀ ਪੁਲਿਸ ਵੱਲੋਂ ਟਵਿੱਟਰ ਦਫ਼ਤਰ ਉੱਤੇ ਛਾਪੇ ਪਿੱਛੋਂ ਅਮਰੀਕਾ ਤੱਕ ਤਾਰਾਂ ਖੜਕ ਪਈਆਂ



ਨਵੀਂ ਦਿੱਲੀ, 25 ਮਈ, (ਪੋਸਟ ਬਿਊਰੋ)- ਭਾਰਤ ਦੀ ਸਿਆਸਤ ਜਦੋਂ ਟੂਲਕਿੱਟਕੇਸ ਨਾਲਪੂਰੀਭਖੀ ਹੋਈ ਹੈ, ਇਸ ਦੀਆਂ ਤਾਰਾਂ ਦਿੱਲੀ ਤੋਂ ਲੈ ਕੇ ਅਮਰੀਕਾ ਸਰਕਾਰ ਤਕ ਖੜਕ ਗਈਆਂ ਹਨ।ਕਾਂਗਰਸ ਪਾਰਟੀ ਦੇ ਕਿਸੇ ਕਥਿਤ ਟੂਲਕਿੱਟਕੇਸਵਿੱਚਦਿੱਲੀ ਪੁਲਸ ਵੱਲੋਂ ਟਵਿੱਟਰ ਇੰਡੀਆ ਨੂੰ ਨੋਟਿਸ ਜਾਰੀ ਕਰਨ ਅਤੇ ਉਸ ਦੇ ਇੰਡੀਆ ਵਾਲੇ ਦਫ਼ਤਰ ਵਿੱਚ ਛਾਪੇ ਪਿੱਛੋਂ ਟਵਿੱਟਰ ਕੰਪਨੀ ਦਾ ਅਮਰੀਕਾ ਵਿਚਲਾ ਹੈੱਡਕੁਆਟਰ ਸਰਗਰਮ ਹੋ ਗਿਆ ਹੈ।

ਵਰਨਣ ਯੋਗ ਹੈ ਕਿ ਬੀਤੇ ਐਤਵਾਰ ਅਤੇ ਸੋਮਵਾਰ ਨੂੰ ਦਿੱਲੀ ਪੁਲਸ ਦੇ ਵਿਸ਼ੇਸ਼ ਸੈੱਲ ਦੀ ਟੀਮ ਵੱਲੋਂਦਿੱਲੀਦੇ ਲਾਡੋਸਰਾਏ ਇਲਾਕੇਵਿੱ-ਚਟਵਿੱਟਰ ਦੇ ਦਫ਼ਤਰ ਦੀ ਤਲਾਸ਼ੀ ਲਈ ਸੀ। ਇਸ ਪਿੱਛੋਂ ਸੋਸ਼ਲ ਮੀਡੀਆ ਕੰਪਨੀ ਟਵਿੱਟਰ ਨੇ ਆਪਣਾ ਇਹ ਕੇਸਅਮਰੀਕਾ ਵਿੱਚ ਗਲੋਬਲ ਡਿਪਟੀ ਜਨਰਲ ਕੌਂਸਲ ਤੇ ਕਾਨੂੰਨੀ ਮਾਹਿਰ ਜਿੰਮ ਬੇਕਰ ਨੂੰ ਸੌਂਪਿਆ ਹੈ, ਜਿਸ ਨੇ ਅਮਰੀਕੀ ਜਾਂਚ ਏਜੰਸੀ ਐੱਫਬੀਆਈ (ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ) ਨਾਲ ਵੀ ਕੰਮ ਕੀਤਾ ਹੈ। ਇਸ ਬਾਰੇ ਜਾਣਕਾਰ ਸੂਤਰ ਦੱਸਦੇ ਹਨ ਕਿ ਟਵਿੱਟਰ ਕੰਪਨੀ ਇਸ ਨੂੰ ਵੱਡੇ ਪੱਧਰ ਉੱਤੇਲਿਜਾਣ ਬਾਰੇ ਸੋਚ ਰਹੀ ਹੈ।

ਪਹਿਲਾਂ ਭਾਜਪਾ ਆਗੂ ਸੰਬਿਤ ਪਾਤਰਾ ਨੇ ਕਿਹਾ ਸੀ ਕਿ ਕਾਂਗਰਸ ਨੇ ਇੱਕ ਅਜਿਹੀ ਟੂਲਕਿੱਟ ਬਣਾਈ ਹੈ, ਜਿਸ ਨਾਲ ਨਰਿੰਦਰ ਮੋਦੀ ਸਰਕਾਰ ਦੀ ਬਦਨਾਮੀ ਦਾ ਕੰਮ ਹੁੰਦਾ ਹੈ। ਸੰਬਿਤ ਪਾਤਰਾ ਨੇ ਟਵੀਟ ਕਰਕੇ ਨਿਸ਼ਾਨਾ ਸਾਧਦੇ ਹੋਏ ਕਿਹਾ ਸੀ ਕਿ ਰਾਹੁਲ ਗਾਂਧੀ ਕੋਰੋਨਾ ਦੇ ਟਵੀਟਸਨਾਲ ਪ੍ਰਧਾਨ ਮੰਤਰੀ ਮੋਦੀ ਉੱਤੇ ਲਗਾਤਾਰ ਹਮਲੇ ਕੀਤੇ ਜਾਂਦੇ ਹਨ ਅਤੇ ਇਹ ਕਾਂਗਰਸ ਦੀ ਟੂਲਕਿੱਟ ਦਾ ਹਿੱਸਾ ਹਨ। ਪਾਤਰਾ ਦੇ ਇਸ ਬਿਆਨਪਿੱਛੋਂ ਭਾਜਪਾ ਤੇ ਕਾਂਗਰਸ ਵਿਚਾਲੇ ਇਕ-ਦੂਸਰੇ ਵਿਰੁੱਧ ਦੂਸ਼ਣਬਾਜ਼ੀ ਚੱਲ ਪਈ, ਪਰਇਹ ਕੇਸ ਉਦੋਂ ਹੋਰ ਭਖ ਪਿਆ, ਜਦੋਂ ਕਾਂਗਰਸ ਦੇ ਕਥਿਤ ਟੂਲਕਿੱਟਬਾਰੇ ਭਾਜਪਾ ਆਗੂਸੰਬਿਤ ਪਾਤਰਾ ਵਲੋਂ ਕੀਤੇ ਟਵੀਟ ਉੱਤੇ ਟਵਿੱਟਰ ਕੰਪਨੀ ਨੇ ਇਸ ਦੇ ਮੈਨੂਪੁਲੇਟਿਡ ਮੀਡੀਆ (ਤੋੜ-ਮਰੋੜ ਕੇ ਪੇਸ਼ ਕੀਤੇ ਮੀਡੀਆ ਦੀ ਸ੍ਰੇਣੀ)ਹੋਣ ਦਾ ਟੈਗ ਲਾ ਦਿੱਤਾ ਸੀ। ਇਸ ਪਿੱਛੋਂ ਭਾਰਤ ਦੇ ਕੇਂਦਰੀ ਇਲੈਕਟ੍ਰਾਨਿਕ ਅਤੇ ਸੂਚਨਾ ਟੈਕਨੀਕ ਮੰਤਰਾਲੇ ਨੇ ਟਵਿੱਟਰ ਦੀ ਗਲੋਬਲ ਟੀਮ ਨੂੰ ਸਖ਼ਤ ਸ਼ਬਦਾਂਦੀ ਚਿੱਠੀ ਲਿਖੀ ਤੇ ਕੁਝ ਆਗੂਆਂ ਦੇ ਟਵੀਟ ਨਾਲ ਤੋੜ-ਮਰੋੜ ਕੇ ਪੇਸ਼ ਕੀਤੇ ਮੀਡੀਆ (ਮੈਨੂਪੁਲੇਟਿਡ) ਦੇ ਟੈਗਲਾਉਣ ਉੱਤੇ ਇਤਰਾਜ਼ ਕੀਤਾ। ਸਰਕਾਰ ਨੇ ਸਪੱਸ਼ਟ ਕਿਹਾ ਹੈ ਕਿ ਜਦੋਂ ਕੇਸ ਦੀ ਜਾਂਚ ਚੱਲ ਰਹੀ ਹੋਵੇ ਤਾਂ ਸੋਸ਼ਲ ਮੀਡੀਆ ਪਲੇਟਫਾਰਮ ਇਹ ਫ਼ੈਸਲਾ ਨਹੀਂ ਦੇ ਸਕਦਾ।

ਇਸ ਦੇ ਬਾਅਦ ਸੋਸ਼ਲ ਮੀਡੀਆ ਕੰਪਨੀ ਟਵਿੱਟਰ ਦਾ ਹੈੱਡਕੁਆਰਟਰ ਅਮਰੀਕਾ ਵਿੱਚ ਭਾਰਤ ਸਰਕਾਰ ਦੇ ਇਸ ਵਿਹਾਰ ਦੇ ਵਿਰੁੱਧ ਕਾਨੂੰਨੀ ਤੌਰ ਸਰਗਰਮ ਹੋ ਜਾਣ ਦੀ ਖਬਰ ਆਈ ਹੈ।

# ਹਰਿਆਣਾ ਸਰਕਾਰ ਵੱਲੋਂ ਰਾਮਦੇਵ ਦੀ ਕੋਰੋਨਿਲ ਦਵਾਈ ਖਰੀਦਣ ਤੇ ਮੁਫਤ ਵੰਡਣ ਦਾ ਵਿਵਾਦ ਭਖਿਆ

### * ਆਈ ਐੱਮ ਏ ਨੇ ਇਸ ਨੂੰ ਪੈਸੇ ਦੀ ਬਰਬਾਦੀ ਕਿਹਾ

ਚੰਡੀਗੜ੍ਹ, 25 ਮਈ, (ਪੋਸਟ ਬਿਊਰੋ)- ਕੋਵਿਡ-19ਦੀ ਮਹਾਮਾਰੀ ਤੋਂ ਬਚਾਅਦੀ ਆਯੁਰਵੈਦ ਦਵਾਈ ਕਾਰਨ ਬਾਬਾ ਰਾਮਦੇਵ ਫਿਰ ਵਿਵਾਦਾਂ ਵਿਚ ਹਨ। ਇਹ ਵਿਵਾਦ ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਦੇ ਬਿਆਨਤੋਂਛਿੜਿਆ ਹੈ, ਜਿਸ ਵਿਚ ਮੰਤਰੀ ਨੇ ਰਾਮਦੇਵ ਦੀ ਦਵਾਈ ਦੀਆਂ ਇਕ ਲੱਖ ਕੋਰੋਨਿਲ ਕਿੱਟ ਖਰੀਦਣ ਤੇ ਰਾਜ ਦੇ ਲੋਕਾਂ ਨੂੰ ਵੰਡਣ ਦੀ ਗੱਲ ਕਹੀ ਸੀ। ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐੱਮ ਏ) ਨੇ ਇਸ ਉੱਤੇ ਇਤਰਾਜ਼ ਕਰਦਿਆਂ ਕੋਰੋਨਿਲ ਨੂੰ ਘਾਤਕ ਦੱਸਿਆ ਹੈ ਅਤੇ ਇਸ ਉੱਤੇ ਬੇਲੋੜਾ ਪੈਸਾ ਖਰਚਣ ਦੀ ਥਾਂ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਹੈ।

ਵਰਨਣ ਯੋਗ ਕਿ ਜਦੋਂ ਤੋਂ ਕੋਰੋਨਾ ਮਹਾਂਮਾਰੀਚੱਲੀ ਹੈ, ਬਾਬਾ ਰਾਮਦੇਵ ਇਸ ਦੇ ਇਲਾਜ ਵਾਲੀ ਪਹਿਲੀ ਦਵਾਈ ਬਣਾਉਣ ਦਾ ਦਾਅਵਾ ਕਰਦਾ ਰਿਹਾ ਹੈ, ਪਰ ਸ਼ੁਰੂ ਤੋਂ ਉਸ ਦਵਾਈ ਬਾਰੇ ਸਵਾਲ ਕੀਤੇ ਜਾਂਦੇ ਰਹੇ ਹਨ। ਉਦੋਂ ਇੱਕ ਵਾਰ ਫਿਰ ਨਵਾਂ ਵਿਵਾਦ ਖੜਾ ਹੋ ਗਿਆ, ਜਦੋਂ ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਨੇ ਟਵੀਟ ਕਰਕੇ ਬਾਬਾ ਰਾਮਦੇਵ ਦੀ ਦਵਾਈ ਕੋਰੋਨਿਲ ਦੀਆਂਕਿੱਟ ਖਰੀਦ ਕੇ ਮਰੀਜ਼ਾਂ ਨੂੰ ਮੁਫਤ ਵੰਡਣ ਦਾ ਐਲਾਨ ਕਰ ਦਿੱਤਾ ਤੇ ਨਾਲ ਹੀ ਰਾਮਦੇਵ ਨੇ ਅਨਿਲ ਵਿਜ ਦੇ ਇਸ ਟਵੀਟ ਨੂੰ ਰੀਟਵੀਟ ਕਰ ਕੇ ਕਿਹਾ ਕਿ ਇਹ ਬੜਾ ਚੰਗਾ ਫੈਸਲਾ ਹੈ।

ਆਈ ਐੱਮ ਏ (ਇੰਡੀਅਨ ਮੈਡੀਕਲ ਐਸੋਸੀਏਸ਼ਨ) ਸ਼ੁਰੂ ਤੋਂ ਹੀ ਬਾਬਾ ਰਾਮਦੇਵ ਦੀ ਕੋਰੋਨਿਲ ਦਵਾਈਵਿਰੁੱਧ ਸਵਾਲ ਉਠਾਉਂਦੀ ਰਹੀ ਹੈ ਤੇ ਹਰਿਆਣਾ ਦੇ ਮੰਤਰੀ ਅਨਿਲ ਵਿਜ ਦੇ ਫੈਸਲੇ ਉੱਤੇਆਈ ਐੱਮ ਏ ਦੇ ਸੂਬਾ ਪ੍ਰਧਾਨ ਡਾ. ਕਰਨ ਪੂਨੀਆ ਨੇ ਮੁੜ ਵਿਚਾਰ ਦੀ ਬੇਨਤੀ ਕੀਤੀ ਹੈ। ਡਾ: ਕਰਨ ਪੂਨੀਆ ਦਾ ਕਹਿਣਾ ਹੈ ਕਿ ਕੋਰੋਨਿਲ ਕਿਤੇ ਮਨਜ਼ੂਰਸ਼ੁਦਾ ਦਵਾਈ ਨਹੀਂ, ਇਸ ਲਈ ਇਸ ਦੀਆਂ ਇਕ ਲੱਖਕਿੱਟਾਂ ਖਰੀਦਣ ਉੱਤੇ ਪੈਸਾ ਖਰਚਣਾਗਲਤ ਹੈ। ਉਨ੍ਹਾਂ ਕਿਹਾ ਕਿ ਆਈ ਐੱਮ ਏ ਨੇ ਆਰਟੀਆਈ (ਸੂਚਨਾ ਅਧਿਕਾਰ ਕਾਨੂੰਨ) ਦੀ ਅਰਜ਼ੀ ਦਿੱਤੀ ਤਾਂ ਬਾਬਾ ਰਾਮਦੇਵ ਦਾ ਡਬਲਯੂ ਐਚਓ (ਸੰਸਾਰ ਸਿਹਤ ਸੰਗਠਨ) ਵੱਲੋਂ ਕੋਰਨੀਲ ਦੇ ਮਾਨਤਾ ਦਾ ਦਾਅਵਾ ਝੂਠਨਿਕਲਿਆ ਹੈ।ਆਈ ਐੱਮ ਏ ਦੀ ਹਰਿਆਣਾ ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਡਾ. ਵੰਦਨਾ ਪੂਨੀਆ ਨੇ ਵੀ ਇਸ ਬਾਰੇਕਿਹਾ ਕਿ ਡਰੱਗ ਕੰਟਰੋਲਰ ਜਨਰਲ ਅਤੇ ਭਾਰਤ ਦੇ ਮੈਡੀਸਨ ਵਿਭਾਗ ਨੇ ਵੀ ਕੋਰੋਨਿਲ ਨੂੰ ਮਨਜ਼ੂਰੀ ਨਹੀਂ ਦਿੱਤੀ,ਇਸਲਈ ਇਹ ਦਵਾਈ ਕਿਸੇ ਤਰ੍ਹਾਂ ਕੋਰੋਨਾ ਮਰੀਜ਼ਾਂ ਦੇ ਵਾਸਤੇ ਫਾਇਦੇਮੰਦ ਨਹੀਂ ਅਤੇ ਹਰਿਆਣਾ ਸਰਕਾਰ ਨੂੰ ਕੋਰੋਨਿਲ ਨੂੰ ਨਹੀਂ ਖਰੀਦਣਾ ਚਾਹੀਦਾ।


SherGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6



Emergency Contact:
416.910.5676
www.shergilllawfirm.ca



REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
* DEBT CONSOLIDATION
* HOME EQUITY
* LOANS
* HOME RENOVATION
* WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!! ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated




19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training



Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936





Jas Toor
Sales Representative
Sutton Group-Realty Experts Brokerage*
Independently Owned and Operated.
Call Now: (647)-242-8667
Email- RealtorJasToor@gmail.com

Jagdish Grewal
Sales Representative
President Realty Inc Brokerage*
Independently Owned and Operated.
Call Now: (416)-970-5005
Email- Jagdish@grewalhomes.com



Caledon
Exclusive Gas Station
Located on very busy road
3 way auto garage + convenience store,1 ਏਕੜ ਦੀ commercial lot ਹੋਰ ਵਧੇਰੇ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ.

Caledon
2.5 ਏਕੜ ਵਿੱਚ ਬਣਿਆ 2 storey ਘਰ , 3500 sq ft. , $5500 ਕਿਰਾਏ ਤੇ ਚੜ੍ਹਿਆ ਹੋਇਆ, offered at very reasonable price.

Mayfield & Gore Road
ਦੇ ਨਜ਼ਦੀਕ 9 ਏਕੜ ਦੀ beautiful clean land with beautiful bunglow available for sale. Lots of future potential.

Caledon
Airport road ਤੇ 500 ft ਦੀ frontage ਵਾਲੇ 10 ਏਕੜ ਜ਼ਮੀਨ 3500 sq.ft. bunglow with walkout basement Motivated Seller.

Caledon
ਵਿੱਚ 5 ਏਕੜ, Main Highway and Main Street ਤੇ corner lot, House and Shop included, Lots of potential
ਸ਼ੋਪ ਅਤੇ ਘਰ ਕਿਰਾਏ ਤੇ ਚੜ੍ਹਿਆ ਹੋਇਆ.

Free Market Evaluation
-Buy
-Sell
-Invest
Call Now:(647) 242-8667
(416) 970-5005

## ਅੱਜ ਨਾਮਾ

ਸਭ ਤੋਂ ਵੱਡੀ ਹੈ ਭਾਰਤ ਦੀ ਬੈਂਕ ਕਹਿੰਦੀ,
ਲੁੱਟ ਰਹੇ ਬੈਂਕਾਂ ਨੂੰ ਬਹੁਤ ਹਨ ਠੱਗ ਬੇਲੀ।
ਕਰਦੇ ਗਰਕ ਇਹ ਚੰਗੇ ਹਨ ਬੈਂਕ ਚੱਲਦੇ,
ਜੜ੍ਹਾਂ ਨੂੰ ਜਾਂਦੀ ਸਿਉਂਕ ਜਿਉਂ ਲੱਗ ਬੇਲੀ।
ਦੋ-ਚਾਰ ਹੋਣ ਤਾਂ ਬੈਂਕ ਕੋਈ ਕਰਨ ਚਾਰਾ,
ਤਕੜਾ ਭਾਰਤ ਵਿੱਚ ਠੱਗਾਂ ਦਾ ਵੱਗ ਬੇਲੀ।
ਫੜਨੇ ਠੱਗ ਇਹ ਜਿਹੜਿਆਂ ਅਫਸਰਾਂ ਨੇ,
ਵੰਨਗੀ ਉਨ੍ਹਾਂ ਦੀ ਜਾਣੇ ਪਿਆ ਜੱਗ ਬੇਲੀ।
ਮੋਦੀ-ਮਾਲਿਆ ਖਿਸਕ ਗਏ ਦਾਅ ਲਾ-ਲਾ,
ਮੁੜਿਆ ਕਦੇ ਨਹੀਂ ਨਿਕਲਿਆ ਮਾਲ ਬੇਲੀ।
ਕਿਹੜਾ ਚੋਰੀ ਇਹ ਰੋਕਣ ਦੀ ਕਰੂ ਹਿੰਮਤ,
ਮਿਲ ਗਈ ਕੁੱਤੀ ਜਦ ਚੋਰਾਂ ਦੇ ਨਾਲ ਬੇਲੀ।

ਤੀਸ ਮਾਰ ਖਾਂ

ਵਿਵਾਦਤ ਅਰਦਾਸ ਕੇਸ :

# ਰਾਮ ਰਹੀਮ ਵਾਸਤੇ ਗੁਰਦੁਆਰੇ ਵਿੱਚ ਨਿਹੰਗ ਵੱਲੋਂ ਅਰਦਾਸ ਕਰਨ ਦੇ ਪਿੱਛੇ ਸਿਆਸੀ ਖੇਡ ਨਿਕਲੀ

*** ਵਿਰੋਧੀ ਵਕੀਲ ਵੱਲੋਂ ਸੀ ਸੀ ਟੀ ਵੀ ਦੀਆਂ ਦੋ ਫੁਟੇਜ ਜਾਰੀ**

ਬਠਿੰਡਾ, 25 ਮਈ, (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਪਿੰਡ ਬੀੜ ਤਲਾਬ ਬਸਤੀ ਗੁਰਦੁਆਰੇ ਵਿਚ ਇੱਕ ਨਿਹੰਗ ਵੱਲੋਂਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੇ ਪੱਖ ਵਿੱਚ ਕੀਤੀ ਗਈ ਵਿਵਾਦਤ ਅਰਦਾਸ ਬਾਰੇਅੱਜ ਏਥੇ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਵਕੀਲ ਹਰਪਾਲ ਸਿੰਘ ਖਾਰਾ ਨੇ ਸੀ ਸੀ ਟੀ ਵੀ ਫੁਟੇਜ ਵਿਖਾ ਕੇ ਕਿਹਾ ਕਿ ਇਸ ਦੀ ਫੁਟੇਜ ਵਿਚ ਇਕ ਸਿਆਸੀ ਆਗੂ ਗੰਨਮੈਨ ਲੈ ਕੇ ਆਪਣੀ ਗੱਡੀ ਵਿਚ ਅਰਦਾਸ ਕਰਨ ਵਾਲੇ ਨਿਹੰਗ ਦੇ ਘਰ ਸਾਹਮਣੇ ਰੁਕਦਾ ਹੈ ਅਤੇ ਉਸ ਦੇ ਪਿੱਛੇ ਹੀ ਗੁਰਮੇਲ ਸਿੰਘ ਨਵਾਂ ਟਰੈਕਟਰ ਲੈ ਕੇ ਆਉਂਦਾ ਨਜ਼ਰ ਆ ਰਿਹਾ ਹੈ।



ਵਕੀਲ ਹਰਪਾਲ ਸਿੰਘ ਖਾਰਾ ਨੇ ਦੋਸ਼ ਲਾਇਆ ਕਿ ਹਫ਼ਤਾ ਬੀਤਣ ਅਤੇ ਸੀ ਸੀ ਟੀ ਵੀ ਫੁਟੇਜ ਹੋਣ ਦੇ ਬਾਵਜੂਦ ਪੁਲਿਸ ਉਸ ਸਿਆਸੀ ਆਗੂ ਨਾਲ ਗਈ ਔਰਤ ਦਾ ਪਤਾ ਨਹੀਂ ਲਾ ਸਕੀ। ਉਨ੍ਹਾਂ ਕਿਹਾ ਕਿ ਨਿਹੰਗ ਵੱਲੋਂ ਸੱਚੇ ਸੌਦੇ ਵਾਲੇ ਬਾਬੇ ਦੇ ਹੱਕ ਵਿੱਚ ਅਰਦਾਸ ਤੋਂ ਇਕ ਦਿਨ ਪਹਿਲਾਂ ਇਹ ਆਗੂ ਵਿਵਾਦਤ ਅਰਦਾਸ ਕਰਨ ਵਾਲੇ ਨਿਹੰਗ ਦੇ ਘਰ ਗਿਆ ਸੀਤੇ ਫੁਟੇਜ ਵਿਚ ਸਿਆਸੀ ਆਗੂ ਤੋਂ ਬਿਨਾ ਹੋਰ ਲੋਕਾਂ ਦੀਆਂ ਤਸਵੀਰਾਂ ਵੀ ਹਨ, ਪਰ ਜ਼ਿਲੇ ਦੀਪੁਲਸ ਹਾਲੇ ਤਕ ਉਸਆਗੂਨਾਲ ਗਈ ਔਰਤ ਦਾ ਪਤਾ ਨਹੀਂ ਲਾ ਸਕੀ।ਵਕੀਲ ਖਾਰਾ ਨੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੂੰ ਅਪੀਲ ਕੀਤੀ ਕਿ ਪੁਲਿਸ ਪ੍ਰਸ਼ਾਸਨ ਨੂੰ ਸਖ਼ਤ ਕਾਰਵਾਈ ਕਰਨ ਲਈ ਕਹਿਣ ਅਤੇ ਖੁਦ ਮਰਿਆਦਾ ਮੁਤਾਬਕ ਕਾਰਵਾਈ ਕਰਨ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਦੀ ਕਾਂਗਰਸ ਸਰਕਾਰ ਇਸ ਦੀ ਨਿਰਪੱਖ ਜਾਂਚ ਕਰਾ ਕੇ ਦੋਸ਼ੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰੇ, ਕਿਉਂਕਿ ਪਹਿਲਾਂ ਜਦੋਂ ਗੰਭੀਰ ਕੇਸਾਂਦੇ ਵਕਤ ਅਕਾਲੀ-ਭਾਜਪਾ ਸਰਕਾਰ ਨੇ ਕਾਰਵਾਈ ਨਹੀਂ ਕੀਤੀ ਸੀ ਤਾਂ ਲੋਕਾਂ ਨੇ ਉਸ ਦੇ ਵਿਰੁੱਧ ਚੋਣਾਂ ਵਿੱਚ ਨਾਰਾਜ਼ਗੀ ਪ੍ਰਗਟ ਕੀਤੀ ਸੀ।

## ਨੇਪਾਲੀ ਪਾਰਲੀਮੈਂਟ ਭੰਗ ਕਰਨ ਖਿਲਾਫ ਵਿਰੋਧੀ ਪਾਰਟੀਆਂ ਵੱਲੋਂ ਸੁਪਰੀਮ ਕੋਰਟ ਤੱਕ ਪਹੁੰਚ

ਕਾਠਮੰਡੂ, 25 ਮਈ (ਪੋਸਟ ਬਿਊਰੋ)- ਨੇਪਾਲ ਦੇ ਵਿਰੋਧੀ ਗਠਜੋੜ ਨੇ ਰਾਸ਼ਟਰਪਤੀ ਵੱਲੋਂ ਪਾਰਲੀਮੈਂਟ ਭੰਗ ਕਰਨ ਦੇ ਫੈਸਲੇ ਨੂੰ ਗੈਰ-ਸੰਵਿਧਾਨਕ ਦੱਸਦੇ ਹੋਏ ਇਸ ਦੇ ਖਿਲਾਫ ਸੁਪਰੀਮ ਕੋਰਟ ਵਿੱਚ ਅਰਜ਼ੀ ਪੇਸ਼ ਕੀਤੀ ਹੈ।

ਰਾਸ਼ਟਰਪਤੀ ਵਿਦਿਆ ਦੇਵੀ ਭੰਡਾਰੀ ਨੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਦੀਆਂ ਸਿਫਾਰਸ਼ਾਂ ਉੱਤੇ ਸਦਨ ਨੂੰ ਭੰਗ ਕਰ ਦਿੱਤਾ ਸੀ। ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਦੀ ਸਰਕਾਰ ਸਦਨ ਵਿੱਚ ਭਰੋਸੇ ਦਾ ਵੋਟ ਹਾਸਲ ਹਾਰ ਜਾਣ ਤੋਂ ਬਾਅਦ ਘੱਟ ਗਿਣਤੀ ਵਿੱਚ ਆ ਗਈ ਸੀ। 'ਹਿਮਾਲੀਆ ਟਾਈਮਜ਼' ਦੀ ਖਬਰ ਅਨੁਸਾਰ ਪਟੀਸ਼ਨਰਾਂ ਨੇ ਮੰਗ ਕੀਤੀ ਹੈ ਕਿ ਨੇਪਾਲੀ ਕਾਂਗਰਸ ਦੇ ਪ੍ਰਧਾਨ ਸ਼ੇਰ ਬਹਾਦਰ ਦੇਓਬਾ ਨੂੰ ਸੰਵਿਧਾਨ ਦੀ ਧਾਰਾ 76 (5) ਦੇ ਅਨੁਸਾਰ ਕਾਨੂੰਨੀ ਤਰੀਕੇ ਨਾਲ ਨੇਪਾਲ ਦਾ ਪ੍ਰਧਾਨ ਮੰਤਰੀ ਬਣਾਇਆ ਜਾਣਾ ਚਾਹੀਦਾ ਹੈ। ਅਖ਼ਬਾਰ ਨੇ ਲਿਖਿਆ ਹੈ ਕਿ ਵਿਰੋਧੀ ਗਠਜੋੜ ਦੇ ਆਗੂਆਂ ਨੇ ਨਵੰਬਰ ਵਿੱਚ ਚੋਣ ਕਰਾਉਣ ਦੇ ਐਲਾਨ ਨੂੰ ਰੱਦ ਕਰਨ, ਮਹਾਮਾਰੀ ਵਿੱਚ ਚੋਣਾਂ ਨਾਲ ਸਬੰਧਤ ਪ੍ਰੋਗਰਾਮਾਂ ਨੂੰ ਰੋਕਣ ਅਤੇ ਸੰਵਿਧਾਨ ਦੀ ਵਿਵਸਥਾ ਮੁਤਾਬਕ ਬਜਟ ਪੇਸ਼ ਕਰਨ ਦੇ ਲਿਹਾਜ਼ ਨਾਲ ਸਦਨ ਦੀ ਬੈਠਕ ਬੁਲਾਉਣ ਲਈ ਹੁਕਮ ਜਾਰੀ ਕਰਨ ਦੀ ਮੰਗ ਕੀਤੀ। ਪਟੀਸ਼ਨਰਾਂ ਨੇ ਕਿਹਾ ਕਿ ਪਾਰਲੀਮੈਂਟਨੂੰ ਭੰਗ ਕਰਨ ਦਾ ਫੈਸਲਾ 'ਗੈਰ ਸੰਵਿਧਾਨਕ' ਹੈ। ਐਤਵਾਰ ਅਤੇ ਸੋਮਵਾਰ ਨੂੰ ਸਿੰਘ ਦਰਬਾਰ ਵਿੱਚ ਜਮ੍ਹਾ ਹੋਏ ਵਿਰੋਧੀ ਦਲਾਂ ਦੇ ਸਾਬਕਾ ਪਾਰਲੀਮੈਂਟਮੈਂਬਰਾਂ ਨੇ ਪ੍ਰਧਾਨ ਮੰਤਰੀ ਅਹੁਦੇ ਲਈ ਦੇਓਬਾ ਦੇ ਦਾਅਵੇ ਦੇ ਸਮਰਥਨ ਵਿੱਚ ਆਪਣੇ ਦਸਤਖਤ ਸੌਂਪੇ।ਪ੍ਰਧਾਨ ਮੰਤਰੀ ਓਲੀ ਵਾਲੀ ਵਿਰੋਧੀ ਧਿਰ ਵਿੱਚੋਂ ਘੱਟ ਤੋਂ ਘੱਟ 26 ਆਗੂਆਂ ਨੇ ਵੀ ਖਬਰਾਂ ਅਨੁਸਾਰ ਆਪਣੇ ਦਸਤਖਤਾਂ ਦੀ ਸੂਚੀ ਸੌਂਪੀ ਹੈ। ਦੇਓਬਾ ਨੇ ਸ਼ੁੱਕਰਵਾਰ ਨੂੰ 149 ਸੰਸਦ ਮੈਂਬਰਾਂ ਦਾ ਸਮਰਥਨ ਨਾ ਹੋਣ ਦੀ ਗੱਲ ਕਹੀ ਸੀ ਅਤੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ ਸੀ।

# ਭਾਰਤੀ ਮੂਲ ਦੇ ਪਰਿਵਾਰ ਦੀ ਈਮਾਨਦਾਰੀ ਸਦਕਾ ਅਮਰੀਕੀ ਔਰਤ ਲੱਖਪਤੀ ਬਣੀ

ਨਿਊਯਾਰਕ, 25 ਮਈ, (ਪੋਸਟ ਬਿਊਰੋ)- ਅਮਰੀਕਾ ਦੇ ਮੈਸਾਚੁਸੈਟਸ ਰਾਜ ਵਿਚ ਭਾਰਤੀ ਮੂਲ ਦੇ ਇਕ ਪਰਿਵਾਰ ਦੀ ਈਮਾਨਦਾਰੀ ਦੀ ਮਿਸਾਲ ਨੇ ਅਮਰੀਕੀ ਔਰਤ ਨੂੰ ਮਾਲਾਮਾਲ ਕਰ ਦਿੱਤਾ ਹੈ। ਇਸ ਪਰਵਾਰ ਨੇ ਉਸ ਦਾ ਲਾਟਰੀ ਟਿਕਟ ਵਾਪਸ ਕਰ ਦਿੱਤਾ, ਜਿਸ ਨੂੰ ਉਹ ਬੇਕਾਰ ਸਮਝ ਕੇ ਸੁੱਟ ਗਈ ਸੀ ਅਤੇ ਇਸ ਟਿਕਟ ਨੇ ਔਰਤ ਨੂੰ ਰਾਤੋ-ਰਾਤ ਲੱਖਪਤੀ ਬਣਾ ਦਿੱਤਾ ਹੈ। ਭਾਰਤੀ ਮੂਲ ਦੇ ਪਰਿਵਾਰ ਦੀ ਈਮਾਨਦਾਰੀ ਲਈ ਕਾਫੀ ਤਾਰੀਫ਼ ਹੋ ਰਹੀ ਹੈ।

ਲੀ ਰੋਜ਼ ਫਿਏਗਾ ਨੇ ਬੀਤੇ ਮਾਰਚ ਵਿਚ 'ਲੱਖੀ ਸਟਾਪ' ਨਾਮ ਦੀ ਦੁਕਾਨ ਤੋਂ ਲਾਟਰੀ ਦਾ ਇਕ ਟਿਕਟ ਖਰੀਦਿਆ ਸੀ। ਇਹ ਦੁਕਾਨ ਸਾਊਥਵਿਕ ਇਲਾਕੇ ਦੇਵਸਨੀਕ ਭਾਰਤੀ ਮੂਲ ਦੇ ਪਰਿਵਾਰ ਦੀ ਹੈ। ਔਰਤ ਅਕਸਰ ਇਸ ਦੁਕਾਨ ਤੋਂ ਟਿਕਟ ਖਰੀਦਦੀ ਸੀ। ਫਿਏਗਾ ਨੇ ਸੋਮਵਾਰ ਦੱਸਿਆ ਕਿ ਮੇਰਾ ਲੰਚ ਬ੍ਰੇਕ ਸੀ ਤੇ ਮੈਂ ਜਲਦਬਾਜ਼ੀ ਵਿਚ ਲਾਟਰੀ ਦੇ ਟਿਕਟ ਦਾ ਨੰਬਰ ਸਕ੍ਰੈਚ ਕੀਤਾ ਤਾਂ ਦੇਖ ਕੇ ਲੱਗਾ ਕਿ ਲਾਟਰੀ ਨਹੀਂ ਨਿਕਲੀ ਅਤੇ ਮੈਂ ਉਸ ਨੂੰ ਟਿਕਟ ਦੇ ਕੇ ਉਸ ਨੂੰ ਸੁੱਟਣ ਲਈ ਕਿਹਾ।ਨਿਊਯਾਰਕ ਪੋਸਟ ਦੇ ਮੁਤਾਬਕ ਔਰਤ ਨੇ ਜਲਦੀ ਵਿਚ ਟਿਕਟ ਪੂਰੀ ਤਰ੍ਹਾਂ ਸਕ੍ਰੈਚ ਨਹੀਂ ਕੀਤਾ ਅਤੇ ਇਹ ਟਿਕਟ ਬੇਕਾਰ ਟਿਕਟਾਂ ਵਿਚ 10 ਦਿਨ ਪਈ ਰਹੀ।ਫਿਰ ਦੁਕਾਨ ਮਾਲਕ ਦੇ ਬੇਟੇ ਅਭੀ ਸ਼ਾਹ ਦੀ ਨਜ਼ਰ ਉਸ ਉੱਤੇ ਗਈ।ਖ਼ਬਰ ਮੁਤਾਬਕਅਭੀ ਸ਼ਾਹ ਨੇ ਕਿਹਾ, 'ਇਹ ਟਿਕਟ ਮੇਰੀ ਮਾਂ ਅਰੁਣਾ ਸ਼ਾਹ ਨੇ ਵੇਚਿਆ ਸੀ ਤੇ ਜਿਸ ਨੂੰ ਵੇਚਿਆ, ਉਹ ਸਾਡੀ ਪੱਕੀ ਗਾਹਕ ਸੀ।' ਸਥਾਨਕ ਟੀ ਵੀ ਸਟੇਸ਼ਨ ਡਬਲਊ ਡਬਲਊ ਐੱਲ ਨੇ ਅਭੀ ਦੇ ਹਵਾਲੇ ਨਾਲ ਦੱਸਿਆ, 'ਇਕ ਸ਼ਾਮ ਮੈਂ ਬੇਕਾਰ ਪਏ ਟਿਕਟ ਫੋਲ ਰਿਹਾ ਸੀ ਤਾਂ ਮੈਂ ਦੇਖਿਆ ਕਿ ਉਸ ਔਰਤ ਨੇ ਠੀਕ ਤਰ੍ਹਾਂ ਨੰਬਰ ਸਕ੍ਰੈਚ ਨਹੀਂ ਕੀਤਾ। ਮੈਂ ਨੰਬਰ ਸਕ੍ਰੈਚ ਕੀਤਾ ਤੇ ਦੇਖਿਆ ਕਿ ਉਸ ਵਿਚ 10 ਲੱਖ ਡਾਲਰ ਦਾ ਇਨਾਮ ਹੈ।'ਅਭੀ ਨੇ ਮਜ਼ਾਕ ਨਾਲ ਕਿਹਾ, 'ਮੈਂ ਰਾਤੋ-ਰਾਤ ਲੱਖਪਤੀ ਹੋ ਗਿਆ।'ਅਭੀ ਨੇ ਕਿਹਾ ਕਿ ਉਸ ਨੇ ਇਨ੍ਹਾਂ ਪੈਸਿਆਂ ਨਾਲ ਇਕ ਕਾਰ ਖਰੀਦਣ ਦੀ ਸੋਚੀ, ਪਰ ਪਿੱਛੋਂ ਟਿਕਟ ਵਾਪਸ ਕਰਨ ਦਾ ਫ਼ੈਸਲਾ ਲਿਆ। ਸ਼ਾਹ ਪਰਿਵਾਰ ਨੇ ਕਿਹਾ ਕਿ ਟਿਕਟ ਵਾਪਸ ਕਰਨ ਦਾ ਫ਼ੈਸਲਾ ਆਸਾਨ ਨਹੀਂ ਸੀ। ਦੁਕਾਨ ਮਾਲਕ ਮੁਨੀਸ਼ ਸ਼ਾਹ ਨੇ ਕਿਹਾ, 'ਅਸੀਂ ਦੋ ਰਾਤਾਂ ਸੁੱਤੇ ਨਹੀਂ।ਅਭੀ ਨੇ ਭਾਰਤ ਵਿਚ ਮੇਰੀ ਮਾਂ ਮਤਲਬ ਆਪਣੀ ਦਾਦੀ ਨੂੰ ਫੋਨ ਕੀਤਾ ਤੇ ਉਨ੍ਹਾਂ ਨੇ ਕਿਹਾ ਕਿ ਟਿਕਟ ਵਾਪਸ ਕਰ ਦਿਓ। ਸਾਨੂੰ ਇਹ ਪੈਸਾ ਨਹੀਂ ਚਾਹੀਦਾ।' ਇਸ ਪਿੱਛੋਂ ਪਰਿਵਾਰ ਨੇ ਟਿਕਟ ਮੋੜਨ ਦਾ ਫ਼ੈਸਲਾ ਲਿਆ।ਇਸਬਾਰੇ ਫਿਏਗਾ ਨੇ ਕਿਹਾ, 'ਅਭੀ ਮੈਨੂੰ ਆਉਣਨੂੰ ਆਇਆ ਤਾਂ ਮੈਂ ਕਿਹਾ ਕਿ ਮੈਂ ਕੰਮ ਕਰ ਰਹੀ ਹਾਂ, ਪਰ ਉਸ ਨੇ ਕਿਹਾ ਕਿ ਤੁਹਾਨੂੰ ਆਉਣਾ ਹੋਵੇਗਾ, ਫਿਰ ਮੈਂ ਉੱਥੇ ਗਈ। ਉੱਥੇ ਪਹੁੰਚ ਕੇ ਮੈਨੂੰ ਪੂਰੀਗੱਲ ਪਤਾ ਚੱਲੀ।ਮੈਨੂੰ ਵਿਸ਼ਵਾਸ ਨਹੀਂ ਹੋਇਆ। ਮੈਂ ਰੋ ਪਈ ਤੇ ਉਸ ਨੂੰ ਗਲੇ ਲਾ ਲਿਆ।' ਭਾਰਤੀ ਮੂਲ ਦੇ ਪਰਿਵਾਰ ਦੇ ਇਸ ਕੰਮ ਲਈ ਉਨ੍ਹਾਂ ਦੀ ਕਾਫੀ ਤਾਰੀਫ਼ ਹੋ ਰਹੀ ਹੈ।

ਕੋਰੋਨਾ ਦੇ ਬਹਾਨੇ ਕਾਲੀ ਕਮਾਈ

# ਅੰਮ੍ਰਿਤਸਰ ਦੇ ਤਿੰਨ ਪ੍ਰਾਈਵੇਟ ਹਸਪਤਾਲ ਵੀ ਓਵਰਚਾਰਜਿੰਗ ਦੀ ਖੇਡ ਖੇਡਦੇ ਰਹੇ

ਅੰਮ੍ਰਿਤਸਰ, 25 ਮਈ, (ਪੋਸਟ ਬਿਊਰੋ)- ਕੋਰੋਨਾ ਮਹਾਮਾਰੀਦੇ ਦੌਰਾਨ ਜਿੱਥੇ ਫਰੰਟ ਲਾਈਨ ਵਾਰੀਅਰਜ਼ ਨੇ ਭਾਰਤ ਦੇ ਲੋਕਾਂ ਦੀ ਨਿਰਸਵਾਰਥ ਸੇਵਾ ਅਤੇ ਸਮੱਰਪਣ ਦੀ ਪ੍ਰੇਰਨਾ ਵਾਲੀ ਮਿਸਾਲ ਪੇਸ਼ ਕੀਤੀ ਹੈ, ਉਥੇ ਕੁਝ ਪ੍ਰਾਈਵੇਟ ਹਸਪਤਾਲਾਂ ਨੇ ਮਾਲਕਾਂ ਨੇ ਇਸ ਵਾਇਰਸ ਦੀ ਦਹਿਸ਼ਤ ਦਾ ਲਾਭ ਉਠਾਉਣ ਵਿੱਚ ਕੋਈ ਕਸਰ ਨਹੀਂ ਛੱਡੀ।




ਇਸ ਸੰਬੰਧ ਵਿੱਚ ਅੰਮ੍ਰਿਤਸਰ ਦੇ ਤਿੰਨ ਪ੍ਰਾਈਵੇਟ ਹਸਪਤਾਲਾਂ ਕਾਰਪੋਰੇਟ ਹਸਪਤਾਲ, ਨਈਅਰ ਹਸਪਤਾਲ ਅਤੇ ਕਰਮ ਸਿੰਘ ਮੈਮੋਰੀਅਲ ਹਸਪਤਾਲ ਵਿੱਚ ਕੋਰੋਨਾ ਪਾਜ਼ੇਟਿਵ ਮਰੀਜ਼ਾਂ ਦੇ ਇਲਾਜ ਦੇ ਬਹਾਨੇ ਮੂੰਹ ਮੰਗੇ ਪੈਸੇ ਵਸੂਲਣ ਦਾਭੇਦ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਬਣਾਈ ਜਾਂਚ ਟੀਮ ਵਲੋਂ ਕੀਤੀ ਜਾਂਚ ਵਿੱਚਖੁੱਲ੍ਹਾ ਹੈ। ਇਸ ਜਾਂਚ ਵਿੱਚ ਸਾਬਤ ਹੁੰਦਾ ਹੈ ਕਿ ਬਟਾਲਾ ਰੋਡ ਦੇ ਕਾਰਪੋਰੇਟ ਹਸਪਤਾਲ ਨੂੰਜਾਂਚ ਟੀਮ ਨੇ ਚੈੱਕ ਕੀਤਾ ਸੀ, ਜਿਸ ਵਿਰੁੱਧ ਸ਼ਿਕਾਇਤ ਸੀ ਕਿ ਇਕ ਮਰੀਜ਼ ਤੋਂ ਸੀਟੀ ਸਕੈਨ ਟੈਸਟ ਦੇ 5500 ਰੁਪਏ ਲਏ ਸਨ। ਇਹ ਟੈਸਟ ਸਰਕਾਰ ਨੇ ਦੋ ਹਜ਼ਾਰ ਵਿੱਚ ਕਰਨ ਦਾ ਆਦੇਸ਼ ਕੀਤਾ ਹੋਇਆ ਸੀ। ਟੀਮ ਨੇ ਹਸਪਤਾਲ ਤੋਂ ਰਿਕਾਰਡ ਮੰਗਿਆ ਤਾਂ ਟਾਲਦੇ ਰਹੇ ਤੇ ਦੋ ਦਿਨ ਬਾਅਦ ਰਿਕ-ਾਰਡ ਭੇਜਣਾ ਮੰਨਿਆ ਤਾਂ ਜਾਂਚ ਟੀਮ ਨੇ ਮਰੀਜ਼ ਦੇ ਵਾਰਸਾਂ ਦੇ ਬਿਆਨ ਲਏ, ਜਿਸ ਵਿੱਚ ਉਨ੍ਹਾਂ ਨੇ 5500 ਰੁਪਏ ਦੇਣ ਦੀ ਗੱਲਕਹੀ।ਸਬੂਤ ਵੇਖਣ ਤੋਂ ਬਾਅਦ ਜਾਂਚ ਟੀਮ ਇਸ ਗੱਲਨਾਲ ਸਹਿਮਤ ਹੋਈ ਕਿ ਮਰੀਜ਼ ਤੋਂ ਓਵਰਚਾਰਜ ਕੀਤਾ ਗਿਆ ਹੈ।

ਦੂਸਰੇ ਪਾਸੇ ਨਈਅਰ ਹਸਪਤਾਲ ਨੇ ਕੋਰੋਨਾ ਮਰੀਜ਼ ਦੇ ਇਲਾਜ ਬਹਾਨੇ ਪੰਝੀ ਹਜ਼ਾਰ ਰੁਪਏ ਰੋਜ਼ਾਨਾ ਤੇ ਦਵਾਈ ਅਤੇ ਇੰਜੈਕਸ਼ਨ ਦਾ ਖਰਚ ਵੱਖਰਾ ਲਿਆ ਸੀ। ਨਿਯਮਾਂ ਮੁਤਾਬਕ ਉਹ ਸਾਢੇ 16 ਹਜ਼ਾਰ ਲੈ ਸਕਦੇ ਸਨ। ਕੋਰੋਨਾ ਮਰੀਜ਼ ਦੇ ਵਾਰਸਾਂ ਨੇ ਸ਼ਿਕਾਇਤ ਕੀਤੀ ਕਿ ਹਸਪਤਾਲਓਵਰਚਾਰਜਿੰਗ ਕਰਦਾ ਹੈ।ਜਾਂਚ ਟੀਮ ਕੋਲ ਹਸਪਤਾਲ ਦੇ ਪ੍ਰਬੰਧਕ ਨੇ ਕਿਹਾ ਕਿ ਉਨ੍ਹਾਂ ਨੇ ਪੰਝੀ ਹਜ਼ਾਰ ਰੁਪਏ ਨਹੀਂ ਲਏ, ਪਰ ਉਹ ਇਸ ਦਾ ਰਿਕਾਰਡ ਪੇਸ਼ ਨਹੀਂ ਕਰ ਸਕੇ। ਇਸੇ ਤਰ੍ਹਾਂ ਦਿਲ ਦੇ ਇੱਕ ਰੋਗੀ ਤੋਂ ਓਵਰਚਾਰਜਿੰਗ ਕੀਤੀ ਗਈ ਸੀ। ਨਈਅਰ ਹਸਪਤਾਲ ਦਾ ਰਿਕਾਰਡ ਵੀ ਜਾਂਚ ਟੀਮ ਨੇ ਕਬਜ਼ੇ ਵਿੱਚ ਲੈ ਲਿਆ ਤਾਂ ਮੰਗਲਵਾਰ ਨਈਅਰ ਹਸਪਤਾਲ ਤੋਂ ਇਕ ਕਰਮਚਾਰੀ ਜਾਂਚ ਟੀਮ ਸਾਹਮਣੇ ਪੇਸ਼ ਹੋਇਆ ਤੇ ਆਪਣੇ ਵਲੋਂ ਬਣਾਇਆ ਰਿਕਾਰਡ ਵਿਖਾਇਆ, ਫਿਰ ਵੀ ਏਥੇ ਓਵਰਚਾਰਜਿੰਗ ਸਾਬਤ ਹੋ ਗਈ।

ਓਧਰ ਸਰਕੂਲਰ ਰੋਡ ਦੇ ਕਰਮ ਸਿੰਘ ਮੈਮੋਰੀਅਲ ਹਸਪਤਾਲ ਵਿੱਚ ਆਕਸੀਜਨ ਦੀ ਕਮੀ ਦੇ ਕਾਰਨ ਕੋਰੋਨਾ ਦੇ ਮਰੀਜ਼ ਦੀ ਮੌਤ ਦਾ ਦੋਸ਼ ਲੱਗਾ ਤੇ ਦੋ ਕੋਰੋਨਾ ਪੀੜਤਾਂ ਦੇ ਮਰੀਜ਼ਾਂ ਦੇ ਵਾਰਸਾਂ ਨੇ ਓਵਰਚਾਰਜਿੰਗ ਦਾ ਦੋਸ਼ ਲਾਇਆ ਸੀ। ਹਸਪਤਾਲ ਪ੍ਰਬੰਧਕ ਨੇ ਜਾਂਚ ਟੀਮ ਨੂੰ ਦੱਸਿਆ ਕਿ ਉਨ੍ਹਾਂ ਦੇ ਕੋਲ ਆਕਸੀਜਨ ਦਾ ਚੋਖਾ ਸਟਾਕ ਸੀ ਤੇ ਅੱਜ ਵੀ ਹੈ। ਟੀਮ ਨੇ ਚੈੱਕ ਕੀਤਾ ਤਾਂ ਰਿਕਾਰਡ ਵਿਚ ਇਹ ਦਰਜ ਨਹੀਂ ਸੀ ਕਿ ਮਰੀਜ ਨੂੰ ਆਕਸੀਜਨ ਸਿਲੰਡਰ ਕਦੋਂ ਲਾਇਆ ਗਿਆਤੇ ਇਸ ਹਸਪਤਾਲ ਵਿੱਚ ਕੋਈ ਰੈਗੂਲਰ ਡਾਕਟਰ ਵੀ ਨਹੀਂ ਸੀਤੇ ਨਾ ਕਿਸੇ ਡਾਕਟਰ ਦਾ ਵਿਜ਼ਿਟ ਇਸ ਦੇ ਰਿਕ-ਾਰਡ ਵਿੱਚ ਦਰਜ ਸੀ।ਇਨ੍ਹਾਂ ਤਿੰਨਾਂ ਹਸਪਤਾਲਾਂ ਦੇ ਖ਼ਿਲਾਫ਼ ਰਿਪੋਰਟ ਬਣਾਈ ਜਾ ਰਹੀ ਹੈ।

ਇਸ ਜ਼ਿਲ੍ਹੇ ਦੇ ਕੁਝ ਪ੍ਰਾਈਵੇਟ ਹਸਪਤਾਲਾਂ ਵਿਚ ਓਵਰਚਾਰਜਿੰਗ ਦੀਆਂ ਸ਼ਿਕਾਇਤਾਂ ਲਗਾਤਾਰ ਮਿਲਦੀਆਂ ਸਨ, ਪਰ ਪ੍ਰਸ਼ਾਸਨ ਨੇ ਕੋਰੋਨਾ ਦੇ ਕਾਰਨ ਹਸਪਤਾਲਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਸਰਕਾਰ ਵਲੋਂ ਜਾਰੀ ਰੇਟ ਲਿਸਟ ਦੇ ਅਨੁਸਾਰ ਜੇ ਹਸਪਤਾਲ ਪ੍ਰਬੰਧਕ ਵੱਧ ਪੈਸਾ ਲਵੇ ਤਾਂ ਪ੍ਰਸ਼ਾਸਨ ਕਾਰਵਾਈ ਕਰੇਗਾ।ਮੰਗਲਵਾਰ ਜਾਂਚ ਟੀਮ ਨੇ ਕਰਮ ਸਿੰਘ ਮੈਮੋਰੀਅਲ, ਫਲੋਰਮ ਹਸਪਤਾਲ, ਅਪੈਕਸ ਹਸਪਤਾਲ, ਕਾਰਪੋਰੇਟ ਹਸਪਤਾਲ, ਫੋਰਟਿਸ ਹਸਪਤਾਲ, ਮੈਡਕਾਰਡ ਹਸਪਤਾਲ, ਸੰਜੀਵਨ ਤੇ ਮਹਾਜਨ ਹਸਪਤਾਲ ਵਿਚ ਚੈੱਕ ਕੀਤਾ ਤੇ ਕੁਝ ਬੇਨਿਯਮੀਆਂ ਪਾਈਆਂ ਹਨ।ਸਿਵਲ ਹਸਪਤਾਲ ਦੇ ਐੱਸਐੱਮ ਓ ਡਾ. ਹਰਕੰਵਲ ਸਿੰਘ, ਡਰੱਗ ਇੰਸਪੈਕਟਰ ਸੁਖਦੀਪ ਸਿੰਘ, ਐਨੇਸਥੀਸਿਆ ਡਾ. ਸੋਨੀਆ, ਅਕਾਊਂਟ ਕਲਰਕ ਜਤਿੰਦਰਇਸ ਟੀਮ ਵਿੱਚ ਸਨ, ਜਿਸ ਦੀ ਅਗਵਾਈ ਅਸਿਸਟੈਂਟ ਸਿਵਲ ਸਰਜਨ ਡਾ. ਅਮਰਜੀਤ ਸਿੰਘ ਕਰ ਰਹੇ ਹਨ। ਉਨ੍ਹਾਂ ਦੇ ਅਨੁਸਾਰ ਜਾਂਚ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
Red Seal NOTARY
KAUR LAW OFFICE
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
MANJEET KAUR
LL.B., (London UK) Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਸ਼ਹਾਦਤ ਦੇ 112 ਸਾਲ ਪਿੱਛੋਂ ਵੀ ਸ਼ਹੀਦ ਢੀਂਗਰਾ ਦੀ ਅੰਤਮ ਯਾਦਗਾਰ ਨੂੰ ਮਾਨਤਾ ਨਹੀਂ ਮਿਲ ਸਕੀ

ਅੰਮ੍ਰਿਤਸਰ, 25 ਮਈ (ਪੋਸਟ ਬਿਊਰੋ)- ਇਸ ਸ਼ਹਿਰ ਦੀ ਆਬਾਦੀ ਕਟੜਾ ਸ਼ੇਰ ਸਿੰਘ ਦੇ ਨਾਲ ਲੱਗਦੀ ਗਾਗਰ ਮੱਲ ਰੋਡ ਉੱਤੇ ਜਿਸ ਡਾਕਟਰ ਸਾਹਿਬ ਦਿੱਤਾ ਮੱਲ ਦੇ ਘਰ ਸ਼ਹੀਦ ਮਦਨ ਲਾਲ ਢੀਂਗਰਾ ਦਾ ਜਨਮ ਹੋਇਆ ਸੀ, ਪੰਜਾਬ ਜਾਂ ਕੇਂਦਰ ਸਰਕਾਰ ਨਾ ਸਮਾਂ ਰਹਿੰਦਿਆਂ ਉਸ ਨੂੰ ਢਾਹੇ ਜਾਣ ਤੋਂ ਬਚਾਅ ਸਕੀ ਅਤੇ ਨਾ ਜੀ ਟੀ ਰੋਡ ਉੱਤੇ ਮਾਲ ਮੰਡੀ ਵਿਖੇ ਉਨ੍ਹਾਂ ਦੀ ਅੰਤਿਮ ਯਾਦਗਾਰ ਦੇ ਰੂਪ ਵਿੱਚ ਮੌਜੂਦ ਸਮਾਧ ਨੂੰ ਮਾਨਤਾ ਦਿੱਤੀ ਜਾ ਸਕੀ ਹੈ।

ਪਤਾ ਲੱਗਾ ਹੈ ਕਿ ਆਪਣੀ ਕੂਟਨੀਤੀ ਨਾਲ ਭਾਰਤ ਦੀ ਆਜ਼ਾਦੀ ਲਈ ਲੰਡਨ ਵਿੱਚ ਸੰਘਰਸ਼ ਕਰ ਰਹੇ ਭਾਰਤੀ ਨੌਜਵਾਨਾਂ ਨੂੰ ਵੱਖ-ਵੱਖ ਲਾਲਚ ਦੇ ਕੇ ਉਨ੍ਹਾਂ ਨੂੰ ਕ੍ਰਾਂਤੀ ਦੇ ਰਾਹ ਤੋਂ ਹਟਾਉਣ ਦਾ ਕੰਮ ਕਰਨ ਵਾਲੇ ਸਰ ਕਰਜ਼ਨ ਵਾਇਲੀ (ਸੈਕਟਰੀ ਆਫ ਸਟੇਟ) ਨੂੰ ਇੱਕ ਜੁਲਾਈ 1909 ਰਾਤ 'ਦੀ ਨੈਸ਼ਨਲ ਇੰਡੀਅਨ ਐਸੋਸੀਏਸ਼ਨ' ਦੇ ਸਾਲਾਨਾ ਸਮਾਗਮ ਦੌਰਾਨ ਇੰਪੀਰੀਅਲ ਇੰਸਟੀਚਿਊਟ ਦੇ ਜਹਾਂਗੀਰ ਹਾਲ ਵਿੱਚ ਗੋਲੀ ਮਾਰ ਕੇ ਕਤਲ ਕਰਨ ਦੇ ਦੋਸ਼ ਵਿੱਚ ਢੀਂਗਰਾ ਨੂੰ 17 ਅਗਸਤ 1909 ਨੂੰ ਲੰਡਨ ਦੀ ਪੈਂਟੋਨਵਿਲੇ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ ਸੀ। ਉਨ੍ਹਾਂ ਦੀ ਇਸ ਸ਼ਹਾਦਤ ਦੇ 67 ਵਰ੍ਹੇ ਪਿੱਛੋਂ 13 ਦਸੰਬਰ 1976 ਨੂੰ ਉਨ੍ਹਾਂ ਦੀਆਂ ਅਸਥੀਆਂ ਇੰਗਲੈਂਡ ਤੋਂ ਭਾਰਤ ਸਰਕਾਰ ਨੇ ਮੰਗਵਾਈਆਂ ਅਤੇ 20 ਦਸੰਬਰ ਨੂੰ ਸ਼ਹੀਦ ਦੀ ਜਨਮ ਭੂਮੀ ਅੰਮ੍ਰਿਤਸਰ ਪਹੁੰਚਣ ਉੱਤੇ ਸਥਾਨਕ ਜੀ ਟੀ ਰੋਡ ਉੱਤੇ ਮਾਲ ਮੰਡੀ ਨੇੜੇ ਉਨ੍ਹਾਂ ਦਾ ਹਿੰਦੂ ਵਿਧੀ ਮੁਤਾਬਕ ਸਸਕਾਰ ਕੀਤਾ ਗਿਆ। ਉਸ ਵੇਲੇ ਸਸਕਾਰ ਵਾਲੇ ਸਥਾਨ ਉੱਤੇ ਮੁੱਖ ਮੰਤਰੀ ਸਵਰਗੀ ਗਿਆਨੀ ਜ਼ੈਲ ਸਿੰਘ ਨੇ ਸ਼ਹੀਦ ਢੀਂਗਰਾ ਦੀ ਸਮਾਧ ਤੇ ਸਮਾਰਕ ਦਾ ਨੀਂਹ ਪੱਥਰ ਰੱਖਿਆ ਸੀ, ਜੋ ਅੱਜ 45 ਵਰ੍ਹੇ ਬੀਤ ਜਾਣ ਪਿੱਛੋਂ ਵੀ ਮੁਕੰਮਲ ਨਹੀਂ ਹੋ ਸਕਿਆ, ਪਰ ਉਥੇ ਸ਼ਹੀਦ ਦਾ ਬੁੱਤ ਜ਼ਰੂਰ ਲਾ ਦਿੱਤਾ ਗਿਆ ਹੈ।

ਸਰਕਾਰਾਂ ਵੱਲੋਂ ਬਹੁਤੇ ਕੇਸਾਂ ਵਿੱਚ ਮਹੱਤਵਪੂਰਨ ਤੇ ਵਿਰਾਸਤੀ ਸਮਾਰਕਾਂ ਦੇ ਪੂਰੀ ਤਰ੍ਹਾਂ ਨਾਲ ਢਹਿ ਜਾਣ ਪਿੱਛੋਂ ਹੀ 'ਜੰਗੀ ਪੱਧਰ' ਉੱਤੇ ਉਨ੍ਹਾਂ ਦੀ ਮੁੜ ਉਸਾਰੀ ਅਤੇ ਰੱਖ-ਰਖਾਅ ਦੇ ਫੈਸਲੇ ਹੁੰਦੇ ਹਨ। ਇਹ ਹੀ ਕਾਰਵਾਈ ਅੱਜਕੱਲ੍ਹ ਸਰਕਾਰ ਵੱਲੋਂ ਢਹਿ ਚੁੱਕੇ ਸ਼ਹੀਦ ਮਦਨ ਲਾਲ ਢੀਂਗਰਾ ਦੇ ਘਰ ਬਾਰੇ ਕੀਤੀ ਜਾ ਰਹੀ ਹੈ ਤੇ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਵਿਭਾਗ ਨੇ ਸ਼ਹੀਦ ਦੀ ਯਾਦਗਾਰ ਬਣਾਉਣ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ, ਜਿਸ ਦੇ ਲਈ ਅਫਸਰਾਂ ਦੀਆਂ ਜ਼ਿੰਮੇਵਾਰੀਆਂ ਤੈਅ ਕੀਤੀਆਂ ਗਈਆਂ ਹਨ। ਇਸ ਜ਼ਮੀਨ ਨੂੰ ਉਚਿਤ ਮੁਆਵਜ਼ੇ 'ਤੇ ਮੁੜ ਵਸੇਬਾ ਐਕਟ 2013 ਹੇਠ ਅਕੁਆਇਰ ਕਰਨ ਲਈ ਅੰਮ੍ਰਿਤਸਰ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ ਨੂੰ ਪ੍ਰਬੰਧਕ ਨਿਯੁਕਤ ਕੀਤਾ ਗਿਆ ਅਤੇ ਐਸ ਡੀ ਐਮ ਅੰਮ੍ਰਿਤਸਰ-1 ਨੂੰ ਜ਼ਮੀਨ ਪ੍ਰਾਪਤੀ ਲਈ ਕੁਲੈਕਟਰ ਬਣਾਇਆ ਗਿਆ ਹੈ। ਇਸ ਦੇ ਨਾਲ ਨਗਰ ਨਿਗਮ ਦੀ ਕਮਿਸ਼ਨਰ ਕੋਮਲ ਮਿੱਤਲ ਨੂੰ ਮਦਨ ਲਾਲ ਢੀਂਗਰਾ ਦੇ ਜੱਦੀ ਘਰ ਉਪਰ ਯਾਦਗਾਰ ਬਣਾਉਣ ਸਬੰਧੀ ਪੁਰਾਣੇ ਘਰ ਦਾ ਡਿਜ਼ਾਈਨ ਤਿਆਰ ਕਰਨ ਲਈ ਹਦਾਇਤਾਂ ਕੀਤੀਆਂ ਗਈਆਂ ਹਨ ਅਤੇ ਇਸ ਦੇ ਲਈ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਵਿਭਾਗ ਨਾਲ ਸੰਪਰਕ ਕਰ ਕੇ ਉਸ ਦੀ ਲੋੜੀਂਦੀ ਕਾਰਵਾਈ ਕਰ ਕੇ ਪ੍ਰੋਜੈਕਟ ਦੀ ਮੁਕੰਮਲ ਤਜਵੀਜ਼ ਰਾਜ ਸਰਕਾਰ ਨੂੰ ਭੇਜਣ ਲਈ ਕਿਹਾ ਗਿਆ ਹੈ। ਇਸ ਬਾਰੇ ਨਿਗਮ ਕਮਿਸ਼ਨਰ ਮੈਡਮ ਕੋਮਲ ਮਿੱਤਲ ਨੇ ਕਿਹਾ ਕਿ ਸਰਕਾਰ ਵੱਲੋਂ ਇਸ ਪ੍ਰੋਜੈਕਟ ਦਾ ਡਿਜ਼ਾਈਨ ਤਿਆਰ ਕਰਨ ਦੀਆਂ ਹਦਾਇਤਾਂ ਉੱਤੇ ਜਲਦੀ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ।

# ਅਮਰੀਕਾ ਦੇ ਕਈ ਰਾਜਾਂ ਵਿੱਚ ਗੋਲੀਬਾਰੀ ਦੌਰਾਨ ਨੌਂ ਮੌਤਾਂ

ਸੈਕਰਾਮੈਂਟੋ, 25 ਮਈ (ਪੋਸਟ ਬਿਊਰੋ)- ਅਮਰੀਕਾ ਦੇ ਕਈ ਰਾਜਾਂ ਵਿੱਚ ਬੀਤੇ ਐਤਵਾਰ ਨੂੰ ਹੋਈ ਗੋਲੀਬਾਰੀ ਵਿੱਚ ਦੋ ਲੜਕੀਆਂ ਸਮੇਤ ਘੱਟ ਤੋਂ ਘੱਟ ਨੌਂ ਲੋਕਾਂ ਦੀ ਮੌਤ ਹੋ ਗਈ ਤੇ ਦਰਜਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ।



ਮਿਲੀ ਜਾਣਕਾਰੀ ਅਨੁਸਾਰ ਫੇਅਰਫੀਲਡ (ਨਿਊਜਰਸੀ) ਦੇ ਇੱਕ ਘਰ ਵਿੱਚ ਚੱਲ ਰਹੀ ਪਾਰਟੀ ਦੌਰਾਨ ਬਾਹਰੋਂ ਆਏ ਇੱਕ ਅਣਪਛਾਤੇ ਬੰਦੇ ਨੇ ਅੰਧਾਧੁੰਦ ਗੋਲੀਬਾਰੀ ਕਰਨੀ ਸ਼ੁਰੂ ਕਰ ਦਿੱਤੀ, ਜਿਸ ਨਾਲ ਇੱਕ ਤੀਹ ਸਾਲਾ ਵਿਅਕਤੀ ਤੇ ਇੱਕ 25 ਸਾਲਾ ਔਰਤ ਦੀ ਮੌਤ ਹੋ ਗਈ ਅਤੇ 12 ਹੋਰ ਜ਼ਖਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਹੈ, ਜਿਸ ਦਾ ਹਸਪਤਾਲ ਵਿੱਚ ਇਲਾਜ ਕੀਤਾ ਜਾ ਰਿਹਾ ਹੈ। ਇਹ ਘਟਨਾ ਫਿਲਾਡੈਲਫੀਆ ਦੇ ਦੱਖਣ ਵਿੱਚ ਪੰਜਾਹ ਮੀਲ ਦੂਰ ਦਿਹਾਤੀ ਖੇਤਰ ਵਿੱਚ ਵਾਪਰੀ। ਪੁਲਸ ਤੋਂ ਇਲਾਵਾ ਫੇਅਰਫੀਲਡ ਟਾਊਨਸ਼ਿਪ ਦੇ ਮੇਅਰ ਬੈਂਜਾਮਿਨ ਬਾਇਰਡ ਵੀ ਘਟਨਾ ਸਥਾਨ ਉੱਤੇ ਪੁੱਜਾ। ਇਸੇ ਤਰ੍ਹਾਂ ਮਿਨੇਸੋਟਾ ਦੇ ਮਿਨੀਆਪੋਲਿਸ ਵਿੱਚ ਸ਼ਨੀਵਾਰ ਤੜਕੇ ਇੱਕ ਗੋਲੀਬਾਰੀ ਦੀ ਘਟਨਾ ਵਿੱਚ ਦੋ ਜਣਿਆਂ ਦੀ ਮੌਤ ਹੋ ਗਈ ਤੇ ਅੱਠ ਹੋਰ ਜ਼ਖਮੀ ਹੋ ਗਏ। ਮਿਨੀਆਪੋਲਿਸ ਪੁਲਸ ਵਿਭਾਗ (ਐਮ ਪੀ ਡੀ) ਨੇ ਕਿਹਾ ਕਿ ਸ਼ੁਰੂਆਤੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਦੋ ਜਣਿਆਂ ਨੇ ਬੰਦੂਕ ਕੱਢ ਕੇ ਗੋਲੀਬਾਰੀ ਸ਼ੁਰੂ ਕਰ ਦਿੱਤੀ, ਜਦੋਂ ਉਨ੍ਹਾਂ ਦੀ ਕਿਸੇ ਗੱਲ ਨੂੰ ਲੈ ਕੇ ਆਪਸ ਵਿੱਚ ਬਹਿਸ ਹੋ ਗਈ ਸੀ। ਓਹਾਈਓ ਦੀ ਇੱਕ ਬਾਰ ਵਿੱਚ ਗੋਲੀਬਾਰੀ ਵਿੱਚ ਘੱਟੋ ਘੱਟ ਤਿੰਨ ਵਿਅਕਤੀ ਮਾਰੇ ਗਏ ਤੇ ਅੱਠ ਹੋਰ ਜ਼ਖਮੀ ਹੋ ਗਏ। ਯੰਗਸਟਾਊਨ ਪੁਲਸ ਵਿਭਾਗ ਨੇ ਦੱਸਿਆ ਹੈ ਕਿ ਪੁਲਸ ਨੂੰ ਤਕਰੀਬਨ ਤੜਕਸਾਰ ਦੋ ਵਜੇ ਟਾਰਚ ਕਲੱਬ ਬਾਰਐਂਡ ਗਰਿਲ ਵਿੱਚ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ। ਜ਼ਖਮੀਆਂ ਨੂੰ ਸੱਟ ਐਲਿਜਾਬੈਥ ਯੰਗਸਟਾਊਨ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਿਨ੍ਹਾਂ ਦੀ ਹਾਲਤ ਬਾਰੇ ਪੁਲਸ ਨੇ ਕੁਝ ਨਹੀਂ ਦੱਸਿਆ।


ਦੱਖਣੀ ਕੈਰੋਲੀਨਾ ਵਿੱਚ ਚੱਲਦੇ ਇੱਕ ਸੰਗੀਤ ਸੰਮੇਲਨ ਵਿੱਚ ਹੋਈ ਗੋਲੀਬਾਰੀ ਵਿੱਚ ਇੱਕ 14 ਸਾਲਾ ਲੜਕੀ ਦੀ ਮੌਤ ਹੋ ਗਈ ਅਤੇ 14 ਜ਼ਖਮੀ ਹੋ ਗਏ। ਉਤਰੀ ਚਾਰਲਸਟਨ ਪੁਲਸ ਡਿਪਟੀ ਚੀਫ ਸਕਾਟ ਡੈਕਰਡ ਨੇ ਦੱਸਿਆ ਕਿ ਜਦੋਂ ਮੌਕੇ ਉੱਤੇ ਪੁਲਸ ਪੁੱਜੀ ਤਾਂ ਬਹੁਤ ਸਾਰੇ ਲੋਕ ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ ਮਿਲੇ, ਜਿਨ੍ਹਾਂ ਨੂੰ ਸਥਾਨਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Natasha Mahal
Co-Host
Iqbal Mahal
Producer & Host
Serving the South Asian Community Since 1976

# ਕੇ ਪੀ ਸ਼ਰਮਾ ਓਲੀ ਵੱਲੋਂ ਸਰਕਾਰ ਬਚਾਉਣ ਦੀ ਆਖਰੀ ਕੋਸ਼ਿਸ਼

ਕਾਠਮੰਡੂ, 25 ਮਈ (ਪੋਸਟ ਬਿਊਰੋ)- ਨੇਪਾਲ ਦੀ ਰਾਸ਼ਟਰਪਤੀ ਵਿਦਿਆ ਦੇਵੀ ਭੰਡਾਰੀ ਦੇ ਪਾਰਲੀਮੈਂਟਭੰਗ ਕਰਨ ਦੇ ਫੈਸਲੇ ਦੇ ਵਿਰੁੱਧ ਜਦੋਂ ਵਿਰੋਧੀ ਪਾਰਟੀਆਂ ਕੱਲ੍ਹ ਸੁਪਰੀਮ ਕੋਰਟ ਪਹੁੰਚੀਆਂ, ਇਸ ਦੌਰਾਨ ਪ੍ਰਧਾਨ ਮੰਤਰੀ ਬਣੇ ਰਹਿਣ ਦੇ ਲਈ ਕੇ ਪੀ ਸ਼ਰਮਾ ਓਲੀ ਨੇ ਆਪਣੀ ਤਰਕਸ਼ ਵਿੱਚੋਂ ਆਖਰੀ ਤੀਰ ਵੀ ਚਲਾ ਦਿੱਤਾ ਹੈ। ਪ੍ਰਧਾਨ ਮੰਤਰੀ ਓਲੀ ਨੇ ਪਾਰਲੀਮੈਂਟਭੰਗ ਕਰਨ ਤੋਂ ਪਹਿਲਾਂ ਲਿਆਂਦੇ ਗਏ ਸਿਟੀਜਨਸ਼ਿਪ ਬਿੱਲ ਤੋਂ ਪਰਦਾ ਚੁੱਕ ਦਿੱਤਾ ਹੈ। ਇਹ ਬਿੱਲ ਨੇਪਾਲ ਵਿੱਚ ਜਨਮ ਸਿੱਧ ਨਾਗਰਿਕਤਾ ਲੈਣ ਵਾਲੇ ਲੋਕਾਂ ਦੇ ਬੱਚਿਆਂ ਨੂੰ ਵੀ ਨਾਗਰਿਕਤਾ ਦਿੰਦਾ ਹੈ। ਇਸ ਦਾ ਸਿੱਧਾ ਲਾਭ ਦੱਖਣੀ ਹਿੱਸੇ ਵਿੱਚ ਰਹਿੰਦੇ ਮਧੇਸ਼ੀ ਅਤੇ ਨਾਗਰਿਕਤਾ ਤੋਂ ਵਾਂਝੇ ਕਈ ਲੋਕਾਂ ਨੂੰ ਮਿਲੇਗਾ। ਅਸਲ ਵਿੱਚ ਇਹ ਫਿਰਕੇ ਲੰਬੇ ਸਮੇਂ ਤੱਕ ਨਾਗਰਿਕਤਾ ਤੋਂ ਵਾਂਝੇ ਰਹੇ ਹਨ। 2008 ਤੋਂ ਦੋ ਸਾਲ ਤੱਕ ਨਾਗਰਿਕਤਾ ਦੇਣ ਲਈ ਮੁਹਿੰਮ ਚਲਾਈ ਗਈ ਸੀ। ਇਸ ਦੌਰਾਨ ਨੇਪਾਲ ਵਿੱਚ ਆਪਣੀ ਪੈਦਾਇਸ਼ ਸਾਬਤ ਕਰਨ ਵਾਲੇ ਲੋਕਾਂ ਨੂੰ ਨਾਗਰਿਕਤਾ ਦੇ ਦਿੱਤੀ ਗਈ, ਪਰ ਅਜਿਹੇ ਲੋਕਾਂ ਨੂੰ 16 ਸਾਲ ਤੋਂ ਘੱਟ



ਉਮਰ ਦੇ ਬੱਚਿਆਂ ਨੂੰ ਨਾਗਰਿਕਤਾ ਤੋਂ ਵਾਂਝਾ ਰੱਖਿਆ ਗਿਆ ਸੀ। 2016 ਵਿਚ ਬਣੇ ਸੰਵਿਧਾਨ ਵਿੱਚ ਕਿਹਾ ਗਿਆ ਸੀ ਕਿ ਜਨਮ ਸਿੱਧ ਨਾਗਰਿਕਤਾ ਹਾਸਲ ਕਰਨ ਵਾਲੇ ਲੋਕਾਂ ਦੇ ਬੱਚਿਆਂ ਨੂੰ ਵੀ ਨਾਗਰਿਕਤਾ ਮਿਲੇਗੀ, ਪਰ ਇਸ ਬਾਰੇ ਕੋਈ ਫੈਡਰਲ ਕਾਨੂੰਨ ਨਾ ਹੋਣ ਕਾਰਨ ਰੁਕਾਵਟ ਆ ਰਹੀ ਹੈ। ਨਾਲ ਉਨ੍ਹਾਂ ਵਿਦੇਸ਼ੀਆਂ ਨਾਲ ਵਿਆਹ ਕਰਨ ਵਾਲੀਆਂ ਨੇਪਾਲੀ ਔਰਤਾਂ ਦੇ ਬੱਚਿਆਂ ਨੂੰ ਵੀ ਨਾਗਰਿਕਤਾ ਦੇਣ ਦੀ ਗੱਲ ਕਹੀ ਗਈ ਹੈ, ਜਿਨ੍ਹਾਂ ਦੇ ਪਿਤਾ ਦਾ ਅਤਾ-ਪਤਾ ਨਹੀਂ ਹੈ ਅਤੇ ਉਹ ਨੇਪਾਲ ਵਿੱਚ ਰਹਿ ਰਹੇ ਹਨ।

ਇਹ ਬਿੱਲ ਪਾਰਟੀਆਂ ਵਿੱਚ ਮਤਭੇਦਾਂ ਕਾਰਨ ਦੋ ਸਾਲ ਤੋਂ ਲਟਕਿਆ ਸੀ। ਪ੍ਰਦੇਸ਼-2 ਦੇ ਸਰਕਾਰੀ ਅਟਾਰਨੀ ਦੀਪੇਂਦਰ ਝਾਅ ਨੇ ਟਵਿੱਟਰ ਉੱਤੇ ਲਿਖਿਆ ਸੀ ਕਿ ਅੱਜ ਤੱਕ 1,26,790 ਲੋਕਾਂ ਨੇ ਜਨਮ ਸਿੱਧ ਨਾਗਰਿਕਤਾ ਲਈ ਹੈ। ਜਨਤਾ ਸਮਾਜਵਾਦੀ ਪਾਰਟੀ ਦੇ ਨੇਤਾ ਲਛਮਣ ਲਾਲ ਕਰਣ ਦੇ ਮੁਤਾਬਕ ਮਧੇਸ਼ ਵਿੱਚ ਪੰਜ ਲੱਖ ਲੋਕਾਂ ਨੂੰ ਹਾਲੇ ਤੱਕ ਵੀ ਨਾਗਰਿਕਤਾ ਨਹੀਂ ਮਿਲੀ। ਇਹ ਬਿੱਲ ਨਾਗਰਿਕਤਾ ਦੀ ਸਮੱਸਿਆ ਪੂਰੀ ਤਰ੍ਹਾਂ ਹੱਲ ਨਹੀਂ ਕਰਦਾ ਹੈ। ਨੇਪਾਲ ਦੀ 2.86 ਕਰੋੜ ਆਬਾਦੀ ਵਿੱਚ 19 ਫੀਸਦੀ ਮਧੇਸ਼ੀ ਹਨ। ਇਨ੍ਹਾਂ ਵਿੱਚੋਂ 2.5 ਫੀਸਦੀ ਲੋਕਾਂ ਦੇ ਕੋਲ ਨਾਗਰਿਕਤਾ ਨਹੀਂ ਹੈ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre


AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.crearealtor.com
Looking For a Nest..? Call the Best

EXCLUSIVE FOR SALE IN WOODSTOCK
CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'

EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'
3+1 bdrms with finished Basement

Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਆਜ਼ਾਦੀ ਬਾਅਦ ਭਾਰਤ ਅੰਦਰ ਜਨਵਾਦੀ ਇਸਤਰੀ ਜੱਥੇਬੰਦੀਆਂ ਅਤੇ ਜਨਤਕ ਅੰਦੋਲਨਾਂ ਦੀ ਸ਼ੁਰੂਆਤ

ਇਹ ਕੁਦਰਤੀ ਸੀ, 'ਕਿ ਆਜ਼ਾਦੀ ਦੇ ਬਾਅਦ ਉਹ ਇਸਤਰੀ ਜੱਥੇਬੰਦੀਆਂ ਜੋ ਕਾਂਗਰਸ ਨੇ ਜੱਥੇਬੰਦ ਕੀਤੀਆਂ ਸਨ ਜਾਂ ਉਨ੍ਹਾਂ ਦੀ ਨੇਤਾ ਕਾਂਗਰਸ ਪਾਰਟੀ ਨਾਲ ਸੀ, 'ਜਿਵੇਂ ਕੁਲ ਹਿੰਦ ਇਸਤਰੀ ਕਾਨਫਰੰਸ ਅਤੇ ਹੋਰ ਉਚ ਘਰਾਣਿਆਂ ਦੀਆਂ ਇਸਤਰੀਆਂ ਵੱਲੋਂ ਗਠਤ ਕੀਤੀਆਂ ਜੱਥੇਬੰਦੀਆਂ ਜਿਨ੍ਹਾਂ 'ਵੱਲੋਂ ਕਾਂਗਰਸ ਪਾਰਟੀ ਅਤੇ ਕਾਂਗਰਸ ਸਰਕਾਰਾਂ ਦਾ ਸਾਥ ਦਿੱਤਾ। ਇਹ ਵੀ ਉਨ੍ਹਾਂ ਦੇ ਜਮਾਤੀ-ਖਾਸੇ ਕਾਰਨ ਹੀ ਸੀ, 'ਕਿਉਂਕਿ ਉਹੀ ਜਮਾਤ ਜੋ ਬੁਰਜੁਆਂ-ਲੈਂਡਲਾਰਡ ਸਨ, ਇਨ੍ਹਾਂ ਸਰਕਾਰਾਂ ਤੇ ਵੀ ਕਾਬਜ਼ ਸਨ। ਜਿਸ ਦੀਆਂ ਇਹ ਜੱਥੇਬੰਦੀਆ ਨੁਮਾਇੰਦਗੀ ਕਰਦੀਆਂ ਸਨ। ਅੰਤ ਵਿੱਚ ਇਨ੍ਹਾਂ ਇਸਤਰੀ ਜੱਥੇਬੰਦੀਆਂ ਦੀ ਸਰਗਰਮੀ ਕੇਵਲ ਠੋਸ ਸਮਾਜਕ ਕੰਮਾਂ, ਜਾਂ ਇਸਤਰੀਆਂ ਦੇ ਕੁਝ ਕੁ ਹੱਕਾਂ ਨਾਲ ਸਬੰਧਤ ਸੀ, ਲਈ ਐਜੀਟੇਸ਼ਨ ਅਤੇ ਮੁਹਿੰਮ ਤੱਕ ਹੀ ਸੀਮਿਤ ਹੋ ਕੇ ਰਹਿ ਗਈ। ਸਗੋਂ ਇਨ੍ਹਾਂ ਜੱਥੇਬੰਦੀਆਂ ਨੇ ਆਪਣੀ ਹਮਾਇਤ ਕਾਂਗਰਸ-ਸਰਕਾਰਾਂ ਨੂੰ ਜਾਰੀ ਰੱਖੀ। ਪਰ ਦੂਸਰੇ ਪੱਖ ਅੰਦਰ, 'ਉਹ ਜੱਥੇਬੰਦੀਆਂ ਜਿਹੜੀਆਂ ਜਨਤਕ ਅਧਾਰਿਤ ਜਮਹੂਰੀ ਹੋਂਦ ਵਾਲੀਆਂ, ਜਿਵੇਂ ''ਮਾਰਸ'' ਅਤੇ ਹੋਰ ਰਾਜਾਂ ਅੰਦਰ ਸਨ, 'ਉਨ੍ਹਾਂ ਨੇ ਦੂਸਰੀਆਂ ਜਮਹੂਰੀ ਜਨਤਕ ਜੱਥੇਬੰਦੀਆਂ ਨਾਲ ਮਿਲ ਕੇ ਕਾਂਗਰਸ ਸਰਕਾਰ ਦੇ ਵਿਰੁੱਧ ਘੋਲ ਜਾਰੀ ਰੱਖੇ।

ਇਹ ਵੀ ਇਕ ਮਾਣ ਵਾਲੀ ਗੱਲ ਹੈ, 'ਕਿ 1950 ਤੋਂ ਹੀ ਜਮਹੂਰੀ ਲਹਿਰਾਂ ਵਾਲੀਆਂ ਇਸਤਰੀ ਜੱਥੇਬੰਦੀਆਂ ਦੇ ਕੌਮਾਂਤਰੀ ਜੱਥੇਬੰਦੀਆਂ ਨਾਲ ਵੀ ਰਿਸ਼ਤੇ ਜੁੜ ਚੁੱਕੇ ਸਨ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਇਸਤਰੀ ਡੈਲੀਗੇਟਾਂ ਨੇ ਭਾਰਤ ਵੱਲੋਂ, 'ਸੋਵੀਅਤ ਯੂਨੀਅਨ, ਲੋਕ ਚੀਨ, ਯੂਰਪ ਅਤੇ ਏਸ਼ੀਆਈ ਦੇਸ਼ਾਂ ਦੇ ਦੌਰੇ ਕੀਤੇ। ਇਸੇ ਤਰ੍ਹਾਂ ਭਾਰਤ ਦੀਆਂ ਇਸਤਰੀ ਡੈਲੀਗੇਟਾਂ ਨੇ ਕਈ ਸੰਸਾਰ ਅਮਨ ਕਾਨਫ੍ਰੰਸਾਂ ਵਿੱਚ ਵੀ ਹਿੱਸਾ ਲਿਆ।

ਜੂਨ 1952 ਨੂੰ ਰੇਣੂ ਚੱਕਰਾਵਰਤੀ ਅਤੇ ਹੋਰ ਡੈਲੀਗੇਟਾਂ ਨੇ ਕੌਮਾਂਤਰੀ ਅਮਨ ਕੌਂਸਲ ਬਰਲਿਨ ਵਿੱਚ ਸ਼ਮੂਲੀਅਤ ਕੀਤੀ। ਇਸੇ ਸਾਲ ਹੀ ਪੱਛਮੀ ਬੰਗਾਲ ਦੇ ਮਾਰਸ ਦੇ ਇਕ ਇਸਤਰੀ ਡੈਲੀਗੇਸ਼ਨ, 'ਮੰਜ਼ੂਰੀ ਚੈਟਰਜੀ ਅਤੇ ਪੰਕਜ ਅਚਾਰੀਆ ਨੇ 1952 ਨੂੰ ਪੀਕਿੰਗ ਵਿਖੇ ਸੰਸਾਰ ਅਮਨ ਕਾਨਫਰੰਸ, ਵਿਆਨਾ-1952 ਅਤੇ ਹੇਲੀਸਿੰਕੀ-1953 'ਚ ਸ਼ਮੂਲੀਅਤ ਕੀਤੀ। ਜੂਨ 5-10, 1953 ਨੂੰ ਕੌਮਾਂਤਰੀ ਇਸਤਰੀ ਕਾਂਗਰਸ ਜੋ ਕੋਪਨ ਹੈਗਨ ਹੋਈ ਸੀ, 'ਉਸ ਵਿੱਚ ਦੇਸ਼ ਦੇ ਵੱਖ-ਵੱਖ ਰਾਜਾਂ ਦੀਆਂ 26-ਇਸਤਰੀ ਆਗੂਆਂ ਨੇ ''ਐਨੇ ਮਸਕਾਰਨੀ'' ਦੀ ਅਗਵਾਈ ਵਿੱਚ ਹਿੱਸਾ ਲਿਆ। ਇਸ ਡੈਲੀਗੇਸ਼ਨ ਵਿੱਚ ਹੋਰਾਂ ਤੋਂ ਬਿਨ੍ਹਾਂ, ਦੂਸਰੇ ਮੈਂਬਰ ਰੇਣੂ-ਚੱਕਰਾਵਰਤੀ (ਐਮ.ਪੀ), ਪੁਸ਼ਪਾਮਈ ਬਾਸੂ, ਅਨੁਸਾਂਬਾਈ ਗਿਆਨ ਚੰਦ, ਹਜ਼ਰਾ ਬੇਗਮ, ਅੰਜਲੀ ਮੁਕਰਜੀ, ਪੰਕਜ-ਅਚਾਰੀਆ ਆਦਿ ਸ਼ਾਮਲ ਸਨ। ਕਾਂਗਰਸ ਦੌਰਾਨ ਇਸਤਰੀਆਂ ਦਾ ਕੌਮਾਂਤਰੀ ਚਾਰਟਰ-ਆਫ ਡੀਮਾਂਡ ਵੀ ਪ੍ਰਵਾਨ ਕੀਤਾ ਗਿਆ।

> ਇਸਤਰੀ ਮੁਕਤੀ ਅੰਦੋਲਨ

ਕੌਮਾਂਤਰੀ ਇਸਤਰੀ ਕਾਂਗਰਸ ਦੇ ਬਾਅਦ ਫੌਰੀ ਹੀ ''ਮਾਰਸ ਦੀਆਂ ਕਮਿਊਨਿਸਟ ਵਰਕਰਾਂ ਅਤੇ ਆਗੂਆਂ ਨੇ 'ਕੁਲ ਹਿੰਦ ਜਮਹੂਰੀ ਇਸਤਰੀ ਸੰਗਠਤ ਕਾਇਮ ਕਰਨ ਦੀ ਸ਼ੁਰੂਆਤ ਕੀਤੀ। ਕੁਝ ਅਰਸੇ ਬਾਦ ''ਕੌਮੀ ਭਾਰਤੀ ਇਸਤਰੀ ਫੈਡਰੇਸ਼ਨ'' (N.F.I.W.) ਆਖਰ ਹੋਂਦ ਵਿੱਚ ਆ ਹੀ ਗਈ।

ਕੋਪਨ ਹੈਗਨ ਕਾਨਫਰੰਸ ਦੇ ਬਾਦ ''ਕੁਲ ਹਿੰਦ ਇਸਤਰੀ ਕੋ-ਆਰਡੀਨੇਸ਼ਨ ਕਮੇਟੀ ਬਣਾਈ ਗਈ, 'ਜਿਸ ਵਿੱਚ ਭਾਰਤ ਅੰਦਰ ਕੰਮ ਕਰਦੀਆਂ ਵੱਖੋ ਵੱਖ ਇਸਤਰੀਆਂ ਦੇ ਨੁਮਾਇੰਦੇ ਸ਼ਾਮਲ ਕੀਤੇ ਗਏ। ਕੋ-ਆਰਡੀਨੇਸ਼ਨ ਕਮੇਟੀ ਦੇ ਸੰਯੁਕਤ ਕਨਵੀਨਰ ਸਨ ਅਨੁਸਾਂ ਬਾਈ ਗਿਆਨ ਚੰਦ ਅਤੇ ਹਜ਼ਰਾ ਬੇਗਮ। ਇਸ ਕੋ-ਆਰਡੀਨੇਸ਼ਨ ਕਮੇਟੀ ਨੇ 4-7 ਜੂਨ, 1954 ਨੂੰ ਕੱਲਕੱਤਾ ਵਿਖੇ ਕੁਲ ਹਿੰਦ ਇਸਤਰੀ ਕਾਂਗਰਸ ਕਰਨ ਦਾ ਸੱਦਾ ਦਿੱਤਾ। ਕੋ-ਆਰਡੀਨੇਸ਼ਨ ਕਮੇਟੀ ਨੇ ਜਾਰੀ ਇਕ ਅਪੀਲ ਰਾਹੀਂ ਇਹ ਵੀ ਸੱਦਾ ਦਿੱਤਾ, 'ਕਿ 1) ਅਮਨ ਤੇ ਆਜ਼ਾਦੀ ਦੀ ਰੱਖਿਆ 2) ਇਸਤਰੀ ਅਧਿਕਾਰਾਂ ਲਈ ਕਾਨੂੰਨ 3) ਇਸਤਰੀ ਲਈ ਰੁਜ਼ਗਾਰ 4) ਕਿਸਾਨ ਇਸਤਰੀਆਂ ਦਾ ਹੱਕ 5) ਬੱਚਾ-ਜੱਚਾ ਦੀ ਭਲਾਈ ਲਈ ਕਨੂੰਨੀ ਹੱਕ ਦਿੱਤੇ ਜਾਣ।

ਕੁਲ ਹਿੰਦ ਇਸਤਰੀ ਕਾਂਗਰਸ ਕਲਕੱਤਾ ਵਿਖੇ 1954 ਨੂੰ ਯੂਨੀਵਰਸਿਟੀ ਇੰਸਟੀਚਿਊਟ ਹਾਲ ਵਿਖੇ ਹੋਈ, ਜਿਸ ਵਿੱਚ 870 ਡੈਲੀਗੇਟ ਭੈਣਾਂ ਜੋ ਵੱਖੋ-ਵੱਖ ਇਸਤਰੀ ਜੱਥੇਬੰਦੀਆਂ ਦੀ ਨੁਮਾਇੰਦਗੀ ਕਰਦੀਆਂ ਸਨ ਸ਼ਾਮਲ ਹੋਈਆਂ। ਕੌਮਾਂਤਰੀ ਜਨਵਾਦੀ ਇਸਤਰੀ ਫੈਡਰੇਸ਼ਨ (W.I.D.F.) ਦੇ ਡੈਲੀਗੇਟਾਂ ਵੱਲੋਂ ਵੀ ਇਸ ਕਾਂਗਰਸ ਵਿੱਚ ਸ਼ਮੂਲੀਅਤ ਕੀਤੀ ਗਈ। ਬਰਤਾਨੀਆਂ ਤੋਂ ਡੋਰਾ-ਰਸੂਲ, ਆਸਟ੍ਰੇਲੀਆ ਤੋਂ ਬਿਟੀ ਰੈਇਲੀ ਇਸ ਕਾਂਗਰਸ ਵਿੱਚ ਸ਼ਾਮਲ ਹੋਈਆਂ। ਭਾਰਤ ਦੇ ਵੱਖੋ-ਵੱਖ ਰਾਜਾਂ 'ਚ ਇਸਤਰੀਆਂ ਦੀਆਂ ਜੱਥੇਬੰਦੀਆਂ, ''ਆਂਧਰਾ ਮਹਿਲਾ ਸੰਗਮ-ਹੈਦਰਾਬਾਦ, ਆਸਾਮ ਮਹਿਲਾ ਸਭਾ, ਪ੍ਰਗਤੀ ਮਹਿਲਾ ਸੰਘਾ, ਬਿਹਾਰ-ਜਨਵਾਦੀ ਮਹਿਲਾ ਸੰਘਾ, ਜਮਸ਼ੇਦਪੁਰ ਮਹਿਲਾ ਸੇਵਾ ਸੰਮਤੀ, ਮੂੰਗੇਰ-ਕਿਸਾਨ ਮਹਿਲਾ ਸਮਿਤੀ, ਉਡੀਸਾ-ਨਾਰੀ ਮੰਗਲ ਸਮਿਤੀ, ਦਿਲੀ-ਜਨਵਾਦੀ ਮਹਿਲਾ ਸਮਾਜ, ਮਹਿਲਾ ਮੰਗਲ ਪ੍ਰੀਸ਼ਦ, ਵਿਜੈ ਨਗਰ ਮਹਿਲਾ ਸਮਿਤੀ, ਬਨਾਰਸ ਮਹਿਲਾ ਸਮਿਤੀ, ਕਾਨਪੁਰ ਮਹਿਲਾ ਵਿਕਾਸ ਮੰਡਲ, ਅਲੀਗੜ੍ਹ ਬਾਹਨੇਕੀ ਸੇਵਾ ਸਮਿਤੀ, ਤ੍ਰੀਪੁਰਾ ਨਾਰੀ ਸਮਿਤੀ, ਪੱਛਮੀ ਬੰਗਾਲ ਮਹਿਲਾ ਆਤਮਾ ਰਕਸ਼ਾ ਸਮਿਤੀ, ਅਤੇ 18 ਹੋਰ ਸੂਬਾਈ ਪੱਧਰ ਦੀਆਂ ਇਸਤਰੀ ਜੱਥੇਬੰਦੀਆਂ ਨੇ ਕਾਂਗਰਸ ਵਿੱਚ ਸ਼ਮੂਲੀਅਤ ਕੀਤੀ। ਵਿਅੱਕਤੀਗਤ ਤੌਰ ਤੇ ਮੱਧਿਆ ਪ੍ਰਦੇਸ਼, ਰਾਜਸਥਾਨ ਅਤੇ ਮਹਾਂਰਾਸ਼ਟਰ ਤੋਂ ਵੀ ਡੈਲੀਗੇਟ ਪੁੱਜੀਆਂ। ਕੁਲ ਹਿੰਦ ਇਸਤਰੀ ਕਾਨਫ੍ਰੰਸ (A.I.W.C.) ਦੀਆਂ ਮੈਂਬਰ ਵੀ ਵਿਅੱਕਤੀਗਤ ਹੈਸੀਅਤ ਵਿੱਚ ਇਸ ਕਾਂਗਰਸ ਵਿੱਚ ਸ਼ਾਮਲ ਹੋਈਆਂ। ਕਾਂਗਰਸ ਨੂੰ ਬਹੁਤ ਸਾਰੀਆਂ ਜੱਥੇਬੰਦੀਆਂ, ''ਜਿਵੇਂ ਇਸਤਰੀ ਕਾਂਗਰਸ ਦੀ'' ਨੀਨਾ ਪੋਪੋਵਾ, ਸੋਵੀਅਤ (ਸਾਬਕਾ) ਇਸਤਰੀ ਫਾਸ਼ੀਵਾਦ ਵਿਰੋਧੀ ਕਮੇਟੀ ਦੀ ਪ੍ਰਧਾਨ, (ਮਰਹੂਮ) ਮੈਡਮ ਸਨ ਯਾਤ ਸੇਨ (ਉਸ ਵੇਲੇ) ਕੁਲ ਚੀਨ ਇਸਤਰੀ ਜਮਹੂਰੀ ਫੈਡਰੇਸ਼ਨ ਦੀ ਪ੍ਰਧਾਨ, ਭਰਾਤਰੀ ਜੱਥੇਬੰਦੀਆਂ-ਬਰਤਾਨੀਆਂ, (ਸਾ:) ਪੂਰਬੀ-ਜਰਮਨੀ, ਬ੍ਰਿਟਿਸ਼ ਗੁਆਨਾ, ਸਵੀਡਨ ਅਤੇ ਲੰਕਾਂ ਵੱਲੋਂ ਸ਼ੁਭ ਇਛਾਵਾਂ ਭੇਂਟ ਕੀਤੀਆਂ ਗਈਆਂ । ਭਾਰਤ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਵਿੱਚੋਂ ਰਮੇਸ਼ਵਰੀ ਨਹਿਰੂ, (ਮਰਹੂਮ) ਅੰਮ੍ਰਿਤ ਕੌਰ ਕੇਂਦਰੀ ਸਿਹਤ ਮੰਤਰੀ, ਸ਼ਾਰਦਾ ਬੇਨ ਮਹਿਤਾ, ਪੰਡਤ ਸੁੰਦਰ ਲਾਲ, ਡਾ: ਗਿਆਨ ਚੰਦ ਵੱਲੋਂ ਵੀ ਇਸਤਰੀ ਕਾਂਗਰਸ ਦਾ ਸਵਾਗਤ ਕੀਤਾ ਗਿਆ। ਹੁਣ ਤੱਕ ਭਾਰਤੀ ਮੰਚ 'ਤੇ ਹੇਠ ਲਿਖੀਆਂ ਇਸਤਰੀਆਂ ਜੱਥੇਬੰਦੀਆਂ ਹੋਂਦ ਵਿਚ ਆ ਚੁੱਕੀਆਂ ਸਨ ਅਤੇ ਇਸਤਰੀ ਵਰਗ ਨਾਲ ਸਬੰਧਤ ਕੌਮਾਂਤਰੀ ਘਟਨਾਵਾਂ ਨਾਲ ਇਕਮੁੱਠਤਾ ਪ੍ਰਗਟਾਈ ਗਈ।


98725 44738 ਰਾਜਿੰਦਰ ਕੌਰ ਚੋਹਕਾ

1) ਆਲ ਇੰਡੀਆਂ ਵੋਮੈਨ ਕਾਨਫ੍ਰੰਸ (A.I.W.C.) ਪੂਨਾ-1927

2) ਆਲ ਇੰਡੀਆ ਗਰਲਜ਼ ਸਟੂਡੈਂਟ ਲਖਨਊ-ਜਨਵਰੀ 1940 (A.I.G.S.F.)

3) 1940 ਨੂੰ ਮੁਸਲਿਮ ਲੀਗ ਦਾ ਇਸਤਰੀ ਫੈਡਰੇਸ਼ਨ ਵਿੰਗ ਦਾ ਗਠਨ ਹੋਇਆ।

4) 1936 ਨੂੰ ਆਰ.ਐਸ.ਐਸ. ਦਾ ਇਸਤਰੀ ਵਿੰਗ ਹੋਂਦ ਵਿੱਚ ਆਇਆ।

5) ਕੌਮਾਂਤਰੀ ਵੋਮੈਨਜ਼ ਕਾਨਫ੍ਰੰਸ1945 ਪੈਰਿਸ,ਐਂਟੀ ਫਾਸ਼ੀਵਾਦ, ਵਿਰੁੱਧ ਕਾਨਫ੍ਰੰਸ ਹੋਈ।

6) ਵੋਮੈਨਜ਼ ਇੰਟਰਨੈਸ਼ਨਲ ਡੈਮੋਕ੍ਰੈਟਿਕ ਫੈਡਰੇਸ਼ਨ (W.I.D.F.) ਪੈਰਿਸ-1945 ਹੋਈ।

7) ਮਹਿਲਾਂ ਆਤਮਾ ਰਕਸ਼ਾ ਸਮਿਤੀ ਕਲਕੱਤਾ(MARS),ਅਪ੍ਰੈਲ-1942 ਵਿੱਚ ਗਠਨ ਹੋਇਆ।

8) ਵੈਸਟ ਬੰਗਾਲ ਮਹਿਲਾ ਸਮ੍ਰਿਤੀ ਮਾਰਸ ਜਿਸ ਦਾ ਨਾਂ ਬਦਲਿਆ ਗਿਆ ਸੀ ਹੋਂਦ ਵਿੱਚ ਆਈ, ਉਸਦੀ ਅੱਗੋਂ 1970 ਨੂੰ ਦੁਬਾਰਾ ਵੰਡ ਹੋ ਗਈ ਅਤੇ ਪੱਛਮੀ ਬੰਗਾ ਮਹਿਲਾ ਸਮਿਤੀ ਵੱਜੋਂ ਹੀ ਕੰਮ ਕਰਦੀ ਰਹੀਂ।

9) ਨੈਸ਼ਲਨ ਫੈਡਰੇਸ਼ਨ ਆਫ ਇੰਡੀਅਨ ਵੋਮੈਨ, ਜੋ ਮਾਰਸ ਦੀ ਪਹਿਲ ਕਦਮੀ 'ਤੇ 1953 ਨੂੰ ਗਠਤ ਕੀਤੀ ਗਈ (N.F.I.W.)।

10) N.F.I.W. ਦੀ ਪਹਿਲ ਕਦਮੀ ਤੇ ਆਲ ਇੰਡੀਆ ਵੋਮੈਨਜ਼ ਕਾਂਗਰਸ, ਕਲਕੱਤਾ ਵਿਖੇ 4-7, 1954 ਨੂੰ ਗਠਿਤ ਕੀਤੀ ਗਈ।

11) ਆਲ ਇੰਡੀਆਂ ਵੋਮੈਨਜ਼ ਕਾਂਗਰਸ ਦੇ ਸੱਦੇ 'ਤੇ 1954 ਨੂੰ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨਜ਼ (N.F.I.W.) ਦੀ ਸਥਾਪਨਾ ਹੋਈ।

12) ਕੌਮਾਂਤਰੀ ਇਸਤਰੀ ਅੰਦੋਲਨ ਵੱਜੋ, ਕੋਪਨ ਹੈਗਨ ਸੰਸਾਰ ਇਸਤਰੀ ਕਾਂਗਰਸ 1953 ਵਿੱਚ ਹੋਈ।

13) ਮਾਂ ਦਿਵਸ ਸਵਿਟਜ਼ਰਲੈਂਡ ਵਿੱਚ 7-10 ਜੁਲਾਈ, 1955 ਨੂੰ ਮਨਾਇਆ ਗਿਆ।

14) ਗੋਲਡਨ ਜੁਬਲੀ ਕੌਮਾਂਤਰੀ ਇਸਤਰੀ ਦਿਵਸ, '8 ਮਾਰਚ 1960 ਨੂੰ ਸੰਸਾਰ ਪੱਧਰ ਤੇ ਮਨਾਇਆ ਗਿਆ।

15) ਕੁਲ ਹਿੰਦ ਜਨਵਾਦੀ ਇਸਤਰੀ ਸਭਾ (AIDWA) ਦਾ ਗਠਨ ਅਕਤੂਬਰ, 1981 ਵਿੱਚ ਹੋਇਆ ਸੀ।

ਇਸ ਤਰ੍ਹਾਂ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ (N.F.I.W.) ਜੋ ਕੁਲ ਹਿੰਦ ਵੋਮੈਨ ਕਾਂਗਰਸ ਰਾਹੀਂ ਉਸਾਰੀ ਗਈ ਸੀ, ਸ਼ੁਰੂ ਵਿੱਚ ਕੇਵਲ 43 ਇਸਤਰੀ ਜੱਥੇਬੰਦੀਆਂ ਜਿਹੜੀਆਂ ਭਾਰਤ ਦੇ ਵੱਖ-ਵੱਖ ਰਾਜਾਂ ਨਾਲ ਸਬੰਧ ਰੱਖਦੀਆਂ ਸਨ, ਇਸ ਨਾਲ ਇਲਹਾਕ ਬੱਧ ਹੋਈਆਂ। ਐਨ.ਐਫ.ਆਈ.ਡਬਲਯੂ. ਨਾਲ ਹੋਰ ਜੱਥੇਬੰਦੀਆਂ ਰਲਦੀਆਂ ਗਈਆਂ। ਇਸ ਦੀ ਪਹਿਲੀ ਪ੍ਰਧਾਨ-ਪੁਸ਼ਪਾਮਈ ਬਾਸੂ, ਉਪ ਪ੍ਰਧਾਨ ਰੇਣੂ ਚੱਕਰਾਵਤੀ, ਬਿਮਲ ਪ੍ਰਾਤਿਵਾ ਦੇਵੀ, ਡਾ: ਲਕਸ਼ਮੀ ਸਹਿਗਲ, ਕੇ.ਆਰ.ਗੌਰੀ, ਅਰੁਣਾ ਆਸਫ ਅਲੀ, ਸੁਧਾ ਰੇਅ, ਪਿਰੋਜਾ ਵਾਡੀਆਂ, ਸੰਯੁਕਤ ਸਕੱਤਰ ਅਨੁਸਨਾ ਗਿਆਨ ਚੰਦ ਅਤੇ ਹਾਜ਼ਰਾ ਬੇਗਮ, ਖਜ਼ਾਨਚੀ ਸਆਦਤ ਬਾਨੋ ਕਿਚਲੂ ਸਨ (ਸਭ ਮਰਹੂਮ)। ਬਹੁਤ ਸਾਰੀਆਂ ਹੋਰ ਪ੍ਰਮੁੱਖ ਇਸਤਰੀ ਆਗੂ ਜੋ ਵੱਖ ਵੱਖ ਰਾਜਾਂ ਨਾਲ ਸਬੰਧ ਰੱਖਦੀਆਂ ਸਨ, 'ਐਨ.ਐਫ.ਆਈ.ਡਬਲਯੂ ਦੀਆਂ ਕਾਰਜਕਾਰੀ ਕਮੇਟੀ ਅਤੇ ਕੌਂਸਲ ਦੀਆਂ ਮੈਂਬਰ ਬਣੀਆ।

ਮਾਂ ਦਿਵਸ: 7-10 ਜੁਲਾਈ 1955 ਨੂੰ ਸਵਿਟਜ਼ਰਲੈਂਡ ਵਿਖੇ ਮਨਾਇਆ ਗਿਆ। ਉਸ ਵਿੱਚ 69 ਦੇਸ਼ਾਂ ਦੇ ਡੈਲੀਗੇਟਾਂ ਨੇ ਹਿੱਸਾ ਲਿਆ। ਭਾਰਤ ਵੱਲੋਂ ਐਨ.ਐਫ.ਆਈ.ਡਬਲਯੂ ਅਤੇ ਮਾਰਸ ਵਲੋਂ 47 ਡੈਲੀਗੇਟਾਂ ਨੇ, 'ਜੋ ਵੱਖੋ-ਵੱਖ ਇਸਤਰੀ ਜੱਥੇਬੰਦੀਆਂ ਨਾਲ ਸਬੰਧਤ ਸਨ, 'ਕਾਨਫ੍ਰੰਸ ਵਿੱਚ ਸ਼ਾਮਲ ਹੋਈਆਂ। ਪ੍ਰਮੁੱਖ ਇਸਤਰੀ ਆਗੂ ਜੋ ਇਸ ਕਾਨਫ੍ਰੰਸ ਵਿੱਚ ਸ਼ਾਮਲ ਸਨ, 'ਰੇਣੂ ਚੱਕਰਾਵਰਤੀ, ਮੈਤਰੇਈ ਦੇਵੀ, ਮਨੀ ਕੁੰਨਤਲਾ ਸੇਨ, ਗੀਤਾ ਮੁਕਰਜੀ, ਮੁਕਤਾ ਕੁਮਾਰ, ਸੁਧਾ ਰੇਅ ਆਦਿ। ਮਾਂ ਦਿਵਸ ਦਾ ਮੁੱਖ ਮੰਤਵ ਇਸ ਕਾਨਫ੍ਰੰਸ ਵਿੱਚ ਸੰਸਾਰ ਅਮਨ ਸੀ। ਇਸ ਕਾਨਫ੍ਰੰਸ ਅੰਦਰ ਸੰਸਾਰ ਦੀਆਂ ਸਾਰੀਆਂ ਮਾਵਾਂ ਨੂੰ ਜੋਸ਼ੀਲੀ ਅਪੀਲ ਕੀਤੀ ਗਈ, ਕਿ ਆਪਣੇ ਬੱਚਿਆਂ ਦੀ ਲੰਬੀ ਉਮਰ ਲਈ ਸੰਸਾਰ ਅਮਨ ਦੀ ਕਾਇਮੀ ਅਤੇ ਜੰਗ ਵਿਰੁੱਧ ਉਹ ਅੱਗੇ ਆਉਣ। ਇਸੇ ਤਰ੍ਹਾਂ 1960 ਨੂੰ 8-ਮਾਰਚ ਕੌਮਾਂਤਰੀ ਇਸਤਰੀ ਦਿਵਸ ਨੂੰ ਗੋਲਡਨ ਜੁਬਲੀ ਵਜੋਂ ਮਨਾਇਆ ਗਿਆ। ਸਾਰੇ ਸੰਸਾਰ ਅੰਦਰ ਵੱਖੋ-ਵੱਖ ਰਵਾਇਤਾਂ ਨਾਲ ਇਹ ਦਿਵਸ ਇਸਤਰੀ ਜੱਥੇਬੰਦੀਆਂ ਵੱਲੋਂ ਇਸਤਰੀਆਂ ਨੂੰ ਸਮਰਪਿਤ ਕੀਤਾ ਗਿਆ। ਭਾਰਤ ਅੰਦਰ ਮਾਰਸ ਅਤੇ ਐਨ.ਐਫ.ਆਈ.ਡਬਲਯੂ ਵੱਲੋਂ 8-ਮਾਰਚ 'ਤੇ ਭਿੰਨ-ਭਿੰਨ ਤਰ੍ਹਾਂ ਦੇ ਫੰਕਸ਼ਨ ਕੀਤੇ ਗਏ। 9-12 ਅਪ੍ਰੈਲ 1960 ਨੂੰ ਏਡਨ ਗਾਰਡਨ ਕਲਕੱਤਾ ਵਿਖੇ ਇਕ ਵੱਡਾ ਇਕੱਠ ਵੀ ਕੀਤਾ ਗਿਆ।

ਇਸ ਤਰ੍ਹਾਂ ਵੱਖ ਵੱਖ ਸਰਗਰਮੀਆਂ ਰਾਹੀਂ ਭਾਰਤ ਦੀ ਜਮਹੂਰੀ ਇਸਤਰੀ ਲਹਿਰ ਨੇ, 'ਵੱਡੇ ਪੱਧਰ ਤੇ ਕੌਮਾਂਤਰੀ ਇਸਤਰੀ ਲਹਿਰਾਂ ਨਾਲ ਜੋ ਅਮਨ ਅਤੇ ਇਸਤਰੀ ਹੱਕਾਂ ਲਈ ਸਰਗਰਮ ਸਨ ਮਜ਼ਬੂਤ ਨਾਤਾ ਜੋੜ ਲਿਆ।

ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਦਾ ਉਭਾਰ (N.F.I.W.) ਭਾਰਤ ਅੰਦਰ ਆਜ਼ਾਦੀ ਬਾਦ ਦੇ ਪਹਿਲੇ ਦਹਾਕੇ ਅੰਦਰ, ਐਨ.ਐਫ.ਆਈ.ਡਬਲਯੂ, ਜੱਥੇਬੰਦੀ ਕੁਲ ਹਿੰਦ ਇਸਤਰੀ ਕਾਨਫ੍ਰੰਸ (A.I.W.B.) ਤੋਂ ਬਾਦ ਦੂਸਰੀ ਵੱਡੀ ਇਸਤਰੀ ਜੱਥੇਬੰਦੀ ਹੋਂਦ ਵਿੱਚ ਆ ਗਈ। ਕੁਲ ਹਿੰਦ ਇਸਤਰੀ ਕਾਨਫ੍ਰੰਸ ਦੀ ਸ਼ੁਰੂਆਤ ਇਸਤਰੀ ਸਮਾਜ ਸੁਧਾਰਕਾਂ ਵੱਲੋਂ ਕੀਤੀ ਗਈ, ਇਹ ਸਮਾਜ ਦੇ ਉੱਚ ਵਰਗਾਂ ਅਤੇ ਕਾਂਗਰਸ ਲੀਡਰਸ਼ਿਪ ਅਧਾਰਿਤ ਸੀ। ਬੁਰਜੁਆ ਅਮੀਰ ਵਰਗ ਪੱਖੀ ਜਮਹੂਰੀ ਇਸਤਰੀ ਹੱਕ-ਜਿਵੇਂ ਸਿੱਖਿਆ, ਵੋਟ ਦਾ ਅਧਿਕਾਰ, ਸਮਾਜ ਅਤੇ ਕਾਨੂੰਨੀ ਅਧਿਕਾਰਾਂ ਲਈ, ਮੱਧ-ਯੁੱਗੀ, ਸਾਮੰਤਵਾਦੀ ਅਤਿਆਚਾਰ ਅਤੇ ਸਮਾਜਕ ਵਿਤਕਰੇ ਵਿਰੁੱਧ ਤੱਕ ਹੀ ਇਹ ਜੱਥੇਬੰਦੀ ਸੀਮਤ ਸੀ। ਕਿਉਂਕਿ ਕੌਮੀ ਫੈਡਰੇਸ਼ਨ (N.F.I.W.) ਜਿਹੜੀ ਕਮਿਊਨਿਸਟ ਪਾਰਟੀ ਆਫ ਇੰਡੀਆ ਦੀ ਪਹਿਲ ਕਦਮੀ ਤੇ ਗਠਿਤ ਹੋਈ ਸੀ, 'ਦਾ ਤਰੱਕੀ ਪਸੰਦ ਉਦੇਸ਼ ਅਤੇ ਨਿਸ਼ਾਨ, 'ਜਿਹੜਾ ਸਮਾਜਕ-ਪ੍ਰੀਵਰਤਨ ਵਲ ਸੇਧਿਤ ਸੀ, ਜੋ ਮਰਦ ਅਤੇ ਇਸਤਰੀ ਵਿਚਕਾਰ ਅਸਲੀ ਬਰਾਬਰਤਾ ਚਾਹੁੰਦਾ ਸੀ। ਇਸ ਦੀ ਵਿਚਾਰਧਾਰਾ ਸਮਾਜਵਾਦੀ ਸੀ, ਭਾਵੇਂ ਇਸ ਦੇ ਸੰਵਿਧਾਨ, ਉਦੇਸ਼ ਅਤੇ ਨਿਸ਼ਾਨੇ ਬਹੁਤ ਖੁਲ੍ਹੇ ਤੇ ਵਿਸ਼ਾਲ ਘੇਰੇ ਅਧਾਰਿਤ ਸਨ, 'ਤਾਂ ਕਿ ਵੱਧ ਤੋਂ ਵੱਧ ਇਸਤਰੀਆਂ ਦੇ ਸਮੂਹਾਂ ਨੂੰ ਇਸ ਦੇ ਘੇਰੇ ਵਿੱਚ ਲਿਆਂਦਾ ਜਾ ਸਕੇ। ਭਾਰਤੀ ਇਸਤਰੀਆਂ ਦੀ ਕੌਮੀ ਫੈਡਰੇਸ਼ਨ ਸ਼ੁਰੂ ਤੋਂ ਹੀ ਕੌਮਾਂਤਰੀ ਜਮਹੂਰੀ ਇਸਤਰੀ ਫੈਡਰੇਸ਼ਨ ਨਾਲ ਇਲਹਾਕ ਬੱਧ ਬਾਡੀ ਰਹੀ।

*ਇੱਕ ਨਵਾਂ ਮੋੜ-* ਪਰ ਕੁਝ ਸਮੇਂ ਬਾਦ ਕੌਮਾਂਤਰੀ ਅਤੇ ਕੌਮੀ ਹਲਾਤਾਂ ਅੰਦਰ ਇੱਕ ਨਵੀਂ ਤਬਦੀਲੀ ਨੇ ਪਾਸਾ ਪਲਟਿਆ। ਸੰਸਾਰ ਕਮਿਊਨਿਸਟ ਕੈਂਪ ਅੰਦਰ ਵਿਚਾਰਧਾਰਕ ਮਤ-ਭੇਦ ਉਭਰਨ ਕਾਰਨ, 'ਸਮਾਜਵਾਦੀ ਕੈਂਪ ਦਾ ਇਤਹਾਦ ਵੰਡਿਆ ਗਿਆ। 1956 ਨੂੰ ਸੋਵੀਅਤ ਯੂਨੀਅਨ ਅੰਦਰ 20-ਵੀਂ ਪਾਰਟੀ ਕਾਂਗਰਸ ਬਾਦ ਤਬਦੀਲੀ ਵਾਲਾ ਰੁੱਖ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਸੀ। ਕੌਮਾਂਤਰੀ ਜਮਹੂਰੀ ਇਸਤਰੀ ਫੈਡਰੇਸ਼ਨ ਜੋ ਸੋਵੀਅਤ ਯੂਨੀਅਨ ਨਾਲ ਇੱਕਸੁਰ ਸੀ, 'ਇਹ ਵਿਚਾਰਧਾਰਕ ਮੱਤ ਭੇਦ ਸੀ.ਪੀ.ਆਈ. ਅੰਦਰ ਵੀ ਸਾਹਮਣੇ ਗਏ ਤਾਂ ਅਖੀਰ (1964) ਵਿੱਚ ਪਾਰਟੀ ਦੋ ਫਾੜ ਹੋ ਗਈ ਅਤੇ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਿਸਟ) ਨੇ ਆਪਣੀ 7ਵੀਂ ਪਾਰਟੀ ਕਾਂਗਰਸ 1964 ਦੌਰਾਨ ਨਵਾਂ ਪਾਰਟੀ ਪ੍ਰੋਗਰਾਮ ਪ੍ਰਵਾਨ ਕਰ ਲਿਆ। ਪਹਿਲੇ ਧੜੇ ਸੀ.ਪੀ.ਆਈ. ਨੇ ਕਾਂਗਰਸ ਪਾਰਟੀ ਅਤੇ ਕਾਂਗਰਸੀ ਸਰਕਾਰਾਂ ਪ੍ਰਤੀ ਆਪਣੇ ਮੇਲ-ਮਿਲਾਪ (Compromising Attitude) ਵਾਲੇ ਰਵੱਈਏ ਨੂੰ ਜਾਰੀ ਰੱਖਿਆ (ਹੁਣ ਨਹੀਂ)। ਵਿਚਾਰਧਾਰਕ ਪਾੜੇ ਦਾ ਪਰਛਾਵਾਂ ਜਨਤਕ ਜੱਥੇਬੰਦੀਆਂ ਉੱਤੇ ਵੀ ਪੈ ਗਿਆ। ਹੌਲੀ-ਹੌਲੀ ਕੌਮੀ ਭਾਰਤੀ ਇਸਤਰੀ ਫੈਡਰੇਸ਼ਨ (N.F.I.W.) ਜੋ (W.I.D.F.) ਨਾਲ ਇਲਹਾਕ ਬੱਧ ਸੀ, ਨੇ ਵੀ ਕਾਂਗਰਸ ਸਰਕਾਰਾਂ ਵੱਲੋਂ ਮੇਲ-ਮਿਲਾਪ ਵਾਲੀ ਲਾਈਨ ਨੂੰ ਅਪਣਾ ਲਿਆ। ਇਸੇ ਤਰ੍ਹਾਂ ਸੂਬਾਈ ਯੂਨਿਟ ਜੋ N.F.I.W. ਨਾਲ ਇਲਹਾਕ ਬੱਧ ਸਨ, 'ਉਹ ਵੀ ਵਿਚਾਰਧਾਰਕ ਤੌਰ 'ਤੇ ਵੰਡੇ ਗਏ।

ਪੱਛਮੀ ਬੰਗਾ ਮਹਿਲਾ ਸਮਿਤੀ ਜੋ ਪੱਛਮੀ ਬੰਗਾਲ ਵਿੱਚ ਸਰਗਰਮ ਸੀ, ਵੀ 1970 ਨੂੰ ਵੰਡੀ ਗਈ। ਵੰਡ ਨਾਲ ਇਕ ਹਿੱਸਾ ਪੱਛਮੀ ਬੰਗਾ ਗਣਤੰਤਰਿਕ ਮਹਿਲਾ ਸਮਿਤੀ ਅਤੇ ਦੂਜਾ ਧੜਾ ਪੱਛਮੀ ਬੰਗਾ ਮਹਿਲਾ ਸਮਿਤੀ ਵੱਜੋਂ ਹੋਂਦ ਵਿੱਚ ਰਿਹਾ। ਪਹਿਲੇ ਧੜੇ ਨੇ ਪੱਛਮੀ ਬੰਗਾ ਗਣਤੰਤਰਿਕ ਮਹਿਲਾ ਸਮਿਤੀ, 'ਜਿਸ ਦੀ ਲੀਡਰਸ਼ਿਪ ਸੀ.ਪੀ.ਆਈ. (ਐਮ) ਨਾਲ ਵਿਚਾਰਧਾਰਕ ਮੇਲ ਜੋਲ ਰੱਖਦੀ ਸੀ, 'ਜਿਹੜੀ ਕਿਰਤੀਆਂ ਕਿਸਾਨਾਂ ਅਤੇ ਹੋਰ ਜਮਹੂਰੀ ਲਹਿਰਾਂ ਵਾਲੇ ਲੋਕਾਂ ਦੀ ਲਹਿਰ ਸੀ। ਜੋ ਬੁਰਜੁਆਂ, ਜਗੀਰਦਾਰਾਂ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵਿਰੁੱਧ ਸੰਘਰਸ਼ ਸ਼ੀਲ ਸੀ,ਨਾਲ ਨਾਤਾ ਜੋੜ ਲਿਆ। ਦੂਸਰੀ ਧਿਰ ਪੱਛਮੀ ਬੰਗਾ ਮਹਿਲਾ ਸਮਿਤੀ ਕੌਮੀ ਭਾਰਤੀ ਇਸਤਰੀ ਫੈਡਰੇਸ਼ਨ (N.F.I.W.) ਨਾਲ ਜੁੜੀ ਰਹੀ ਅਤੇ ਉਹ ਆਪਣੀ ਕਾਂਗਰਸ ਪਾਰਟੀ ਅਤੇ ਕਾਂਗਰਸੀ ਸਰਕਾਰਾਂ ਨਾਲ ਮੇਲ-ਮਿਲਾਪ ਵਾਲੀ ਨੀਤੀ ਤੇ ਚਲਦੀ ਰਹੀ। ਇਸ ਨਵੀਂ ਅਵਸਥਾ ਦੌਰਾਨ ਜਮਹੂਰੀ ਇਸਤਰੀ ਲਹਿਰ ਇਕ ਨਵੀਂ ਸਟੇਜ ਤੇ ਪੁੱਜ ਗਈ ਅਤੇ ਇਸਤਰੀਆਂ ਦੀ ਮੁਕਤੀ ਲਈ ਤਿਖੀਆਂ ਤਬਦੀਲੀਆਂ ਵਾਲੇ ਨਜ਼ਰੀਏ ਰਾਹੀਂ, 'ਸਮਾਜਕ ਢਾਂਚੇ 'ਚ ਤਬਦੀਲੀ ਲਿਆਉਣ ਲਈ, 'ਇਸ ਨੇ ਆਪਣੇ ਨਾਲ ਲੁੱਟੇ ਜਾ ਰਹੇ ਸਾਰੇ ਲੋਕਾਂ ਅਤੇ ਕਿਰਤੀ ਵਰਗ ਨਾਲ ਜੋੜਕੇ, 'ਇਸਤਰੀ ਮੁਕਤੀ ਦੇ ਕਾਜ ਨੂੰ ਅੱਗੇ ਵਧਾਉਣ ਦਾ ਨਿਸਚਾ ਦੁਹਰਾਇਆ। ਇਸੇ ਤਰ੍ਹਾਂ 1940 ਦੇ ਬਾਦ 'ਜਮਹੂਰੀ ਇਸਤਰੀ ਲਹਿਰਾਂ ਜੋ ਭਾਰਤ ਦੇ ਬਾਕੀ ਹਿੱਸਿਆ ਅੰਦਰ ਵੀ ਵਿਕਸਤ ਹੋਈਆਂ ਜਿਨ੍ਹਾਂ ਨੂੰ ਜਮਹੂਰੀ ਇਸਤਰੀ ਲਹਿਰਾਂ ਵੱਜੋਂ ਭਾਰਤ ਅੰਦਰ ਆਪਣੀ ਪ੍ਰਪੱਕਤਾ ਅਤੇ ਜਨਤਕ ਅਧਾਰ ਵਾਲੀ ਹੋਂਦ ਗ੍ਰਿਹਣ ਕਰਨ ਲਈ ਬੜਾ ਲੰਬਾ ਸਫਰ ਤੈਅ ਕਰਨਾ ਪਿਆ। ਜੇਕਰ ਅੱਜ ''ਕੁਲ ਹਿੰਦ ਜਨਵਾਦੀ ਇਸਤਰੀ ਸਭਾ'' ਆਜ਼ਾਦੀ ਜਮਹੂਰੀਅਤ ਅਤੇ ਇਸਤਰੀਆਂ ਦੀ ਮੁਕਤੀ, ਦਾ ਬੀੜਾ ਚੁਕਣ ਲਈ ਦੇਸ਼ ਅੰਦਰ ਇੱਕ ਭਵਿੱਖੀ ਨਜ਼ਰੀਆ ਲੈ ਕੇ ਆਈ ਹੈ, ਤਾਂ ਇਹ ਉਸ ਦੇ ਸੰਘਰਸ਼ਾਂ, ਜਮਹੂਰੀਅਤ ਨੂੰ ਸਮਰਪਣ, ਸਮਾਜਕ ਪ੍ਰੀਵਰਤਨ ਲਈ ਕਿਰਤੀ ਵਰਗ ਦਾ ਇਕ ਹਿੱਸਾ ਬਣਾ ਕੇ,'ਜਨ-ਅਧਾਰਿਤ ਅੰਦੋਲਨਾਂ ਰਾਹੀਂ ਅੱਗੇ ਵੱਧਣ ਕਾਰਨ ਹੀ ਹੈ। ਦੇਸ਼ ਅੰਦਰ ਇਸਤਰੀਆਂ ਪ੍ਰਤੀ ਵੱਧ ਰਹੇ ਅਪਰਾਧਾਂ ਵਿਰੁਧ, ਸੰਗਠਤ ਰੂਪ ਵਿੱਚ ਵਿਰੋਧ ਰੋਸ ਕਰਨੇ ਪੈਣੇ ਹਨ। ਆਰਥਿਕ ਸੋਸ਼ਣ, ਚੁਲੇ-ਚੌਂਕੇ ਦੀ ਗੁਲਾਮੀ ਵਿਰੁਧ ਤੇ ਇਕ ਨਰੋਏ ਸੱਭਿਆਚਾਰ ਲਈ ਸਾਰੇ ਕਿਰਤੀਆਂ ਨਾਲ ਮਿਲ ਕੇ ਸੰਘਰਸ਼ ਕਰਨਾ ਪਏਗਾ।

ਕੋਵਿਡ-19 ਵਿਰੁਧ, ਸਭ ਲਈ ਸਿਹਤ, ਸਿੱਖਿਆ ਤੇ ਰੁਜ਼ਗਾਰ ਲਈ ਸਾਰਿਆਂ ਨੂੰ ਮਿਲ ਕੇ ਲੜਨਾ ਪਏਗਾ। ਮੁਕਤੀ ਅੱਜੇ ਦੂਰ ਹੈ, ਪੈਂਡਾ ਅਜੇ ਦੂਰ ਹੈ ਠਰੱਮਾ ਰੱਖੀਏ।

# ਵਿਦੇਸ਼ੀ ਧਰਤੀ ਤੇ ਮਾਂ ਬੋਲੀ ਲਈ ਡਟਿਆ ਹੋਇਆ ਪੰਜਾਬੀ ਦਾ ਪੁੱਤਰ : ਸਰਦਾਰ ਰਵਿੰਦਰ ਸਿੰਘ ਕੰਗ

ਬਹੁਤ ਸੁਣੀਂਦਾ ਬਈ ਫਲਾਣਾ ਸਿਉਂ ਕਨੇਡਾ ਚਲਾ ਗਿਆ ਤੇ ਜਾਣ ਸਾਰ ਅੰਗਰੇਜ਼ੀ ਨੂੰ ਮੂੰਹ ਮਾਰਨ ਲੱਗ ਪਿਆ ਹੈ ਤੇ ਅਜਿਹਾ ਬਹੁਤੇ ਪੰਜਾਬੀਆਂ ਦਾ ਹਾਲ ਹੈ ਜੋ ਵਿਦੇਸ਼ੀ ਧਰਤੀ ਤੇ ਉਤਰਦੇ ਹੀ ਸਭ ਤੋਂ ਪਹਿਲਾਂ ਆਪਣੀ ਮਾਂ ਬੋਲੀ ਨੂੰ ਘਟੀਆ ਸਮਝਣ ਲੱਗ ਜਾਂਦੇ ਹਨ ਅਤੇ ਖੁਦ ਨੂੰ ਜ਼ਿਆਦਾ ਹਾਈ ਫਾਈ ਤੇ ਪੜ੍ਹਿਆ ਲਿਖਿਆ ਅਖਵਾਉਣ ਦੇ ਚੱਕਰ ਵਿੱਚ ਆਪਣੀ ਮਾਂ ਬੋਲੀ ਨੂੰ ਪਿੱਛੇ ਸੁੱਟ ਕੇ ਮਤਰੇਈ ਨੂੰ ਗਲ ਨਾਲ ਲਾ ਲੈਂਦੇ ਹਨ । ਪਰ ਅੱਜ ਜਿਸ ਸ਼ਖਸੀਅਤ ਦੀ ਮੈਂ ਗੱਲ ਕਰਨ ਜਾ ਰਹੀ ਹਾਂ ਉਹ ਇਨ੍ਹਾਂ ਗੱਲਾਂ ਤੋਂ ਬਿਲਕੁਲ ਉਲਟ ਹੈ । ਮਾਂ-ਬੋਲੀ ਪੰਜਾਬੀ ਦਾ ਸਤਿਕਾਰ ਉਨ੍ਹਾਂ ਦੇ ਰੋਮ ਰੋਮ ਵਿਚ ਠਾਠਾਂ ਮਾਰਦਾ ਹੈ । ਮੇਰੀ ਮੁਰਾਦ ਹੈ ਸਰਦਾਰ ਰਵਿੰਦਰ ਸਿੰਘ ਕੰਗ ਹੋਰਾਂ ਤੋਂ । ਇਹਨਾਂ ਦਾ ਪਿਛੋਕੜ ਜਲੰਧਰ ਜ਼ਿਲ੍ਹੇ ਦੇ ਪਿੰਡ ਕੰਗ ਮਹਿਰਾਜ ਵਾਲਾ ਦਾ ਹੈ ਅਤੇ ਇਹਨਾਂ ਦਾ ਪਰਿਵਾਰ ਰਾਜਸਥਾਨ ਦੇ ਜ਼ਿਲ੍ਹਾ ਸ੍ਰੀਗੰਗਾਨਗਰ ,ਤਹਿਸੀਲ ਕਰਨਪੁਰ ( ਸ੍ਰੀ ਕੇਸਰੀ ਪੁਰ ਮੰਡੀ) ਨੇੜਲੇ ਪਿੰਡ 20 ਵਿੱਚ ਕੋਈ 100 ਸਾਲ( ਕਰੀਬ) ਪਹਿਲਾਂ ਜਾ ਕੇ ਵਸ ਗਏ ਸਨ ।

ਸਰਦਾਰ ਰਵਿੰਦਰ ਸਿੰਘ ਕੰਗ ਨੇ ਆਪਣੀ ਮੁੱਢਲੀ ਵਿੱਦਿਆ


ਸਰਦਾਰ ਰਵਿੰਦਰ ਸਿੰਘ ਕੰਗ

ਬੀ ਏ ਦੀ ਡਿਗਰੀ ਰਾਜਸਥਾਨ ਵਿੱਚ ਹੀ ਹਾਸਲ ਕੀਤੀ। ਉੱਨੀ ਸੌ ਚੁਰਾਸੀ ਵਿਚ ਜਦੋਂ ਕਿ ਪੰਜਾਬ ਦੇ ਹਾਲਤ ਕਾਫੀ ਵਿਗੜੇ ਹੋਏ ਸਨ,ਆਪ ਪ੍ਰਵਾਸੀ ਧਰਤੀ ਕੈਨੇਡਾ ਚਲੇ ਗਏ । ਉਥੇ ਹੱਡ ਭੰਨਵੀਂ ਮਿਹਨਤ ਕੀਤੀ ਤੇ ਉੱਥੋਂ ਦੇ ਪੱਕੇ ਵਸਨੀਕ ਬਣ ਗਏ ।

ਬੇਸ਼ਕ ਰਵਿੰਦਰ ਸਿੰਘ ਕੰਗ ਜੀ ਨੇ ਆਪਣੀ ਮਿਹਨਤ ਦੇ ਬਲਬੂਤੇ ਉਥੇ ਖੂਹ ਨਾਮਣਾਂ ਅਤੇ ਨਾਵਾਂ ਕਮਾਇਆ ਹੈ, ਪਰ ਆਕੜ , ਹੰਕਾਰ ਨੂੰ ਅਪਣੇ ਨੇੜੇ ਨਹੀਂ ਆਉਣ ਦਿੱਤਾ । ਉਹ ਬਹੁਤ ਹੀ ਨਿਰਮਾਣ ਤੇ ਸਾਊ ਤਬੀਅਤ ਦੇ ਮਾਲਕ ਹਨ । ਉਹਨਾਂ ਦੀ ਦਿੱਖ ਵੀ ਬਹੁਤ ਸਾਦਗੀ ਵਾਲੀ ਸੁਭਾਅ ਬਹੁਤ ਮਿੱਠਾ ਹੈ । ਕੋਈ ਵੀ ਇੱਕ ਵਾਰ ਗੱਲ ਕਰਕੇ ਹੀ ਉਨ੍ਹਾਂ ਦਾ ਮੁਰੀਦ ਬਣ ਜਾਂਦਾ ਹੈ । ਇਸ ਤੋਂ ਇਲਾਵਾ ਉਹ ਵਾਅਦੇ ਦੇ ਵੀ ਪੱਕੇ ਇਨਸਾਨ ਹਨ ਅਤੇ ਕਹਿਣੀ ਤੇ ਕਰਨੀ ਦੇ ਇੱਕ ਹਨ । ਬਜ਼ੁਰਗਾਂ ਦੀ ਇੱਜ਼ਤ ਵੀ ਬਹੁਤ ਚੰਗੀ ਤਰ੍ਹਾਂ ਕਰਦੇ ਹਨ ।

ਬਰੈਂਪਟਨ ਵਿਚ ਲੰਬਾ ਸਮਾਂ ਰਹਿਣ ਕਰਕੇ ਉਹ ਹਰ ਮੁੱਦੇ ਦੇ ਜਾਣਕਾਰ ਹੋਣ ਕਰਕੇ ਸਭ ਨਾਲ ਵਿਚਾਰ ਵਟਾਂਦਰਾ ਕਰਦੇ ਰਹਿੰਦੇ ਹਨ । ਇਸੇ ਲਈ ਤਾਂ ਉੱਥੇ ਉਨ੍ਹਾਂ ਦਾ ਖੂਬ ਮਾਣ-ਸਤਿਕਾਰ ਹੈ ।

ਇਸ ਤੋਂ ਇਲਾਵਾ ਕੰਗ ਸਾਹਿਬ ਵਿੱਚ ਮਾਂ-ਬੋਲੀ ਦਾ ਪਿਆਰ ਠਾਠਾਂ ਮਾਰਦਾ ਹੈ। ਓਨਟਾਰੀਓ ਫਰੈਂਡਜ਼ ਕਲੱਬ , ਜੀਹਦੇ ਉਹ ਪ੍ਰਧਾਨ ਹਨ, ਵੱਲੋਂ ਵੱਖ-ਵੱਖ ਲੇਖਕਾਂ ਦੀਆਂ ਰਚਨਾਵਾਂ ਦੇ ਸੰਗ੍ਰਹਿ ਵੀ ਉਹ ਪੰਜਾਬੀ ,ਹਿੰਦੀ ,ਅੰਗਰੇਜ਼ੀ ਅਤੇ ਸ਼ਾਹਮੁਖੀ ਦੇ ਨਾਲ ਛਪਵਾ ਰਹੇ ਹਨ ਤੇ ਕਿਤਾਬਾਂ ਨੂੰ ਲਾਇਬ੍ਰੇਰੀਆਂ ਲਈ ਭੇਜਣਾ , ਉਨ੍ਹਾਂ ਦੀ ਬਹੁਤ ਵੱਡੀ ਪਹਿਲ ਹੈ। ਉਹ ਪੰਜਾਬੀ ਕਾਨਫਰੰਸ ਜਿਸਦੇ ਕਿ ਉਹ ਪ੍ਰਧਾਨ ਹਨ ,ਵੀ ਇਸੇ ਸਾਲ ਜੂਨ ਵਿੱਚ ਕਰਾਉਣ ਜਾ ਰਹੇ ਹਨ ।

ਜਗਤ ਪੰਜਾਬੀ ਸਭਾ ਸੰਸਥਾ ਦੇ ਵੀ ਉਹ ਪ੍ਰਧਾਨ ਹਨ ਅਤੇ ਭਾਈਚਾਰਕ ਮਿਲਵਰਤਨ ਦੇ ਲਈ ਬਹੁਤ ਕੰਮ ਕਰ ਰਹੇ ਹਨ । ਇਸ ਤੋਂ ਇਲਾਵਾ ਪੰਜਾਬੀ ਬਿਜ਼ਨਸ ਪ੍ਰੋਫ਼ੈਸ਼ਨਲ ਐਸੋਸ਼ੀਏਸ਼ਨ (ਪਬਪਾ )ਕੈਨੇਡਾ ਦੇ ਸਲਾਹਕਾਰ ਬੋਰਡ ਦੇ ਮੈਂਬਰ ਹਨ ।

ਇਸ ਤੋਂ ਇਲਾਵਾ ਸਰਦਾਰ ਰਵਿੰਦਰ ਸਿੰਘ ਕੰਗ ਨੂੰ ਸ੍ਰੀਮਾਨ ਸਟੀਵਨ ਡੈਲ ਡੂਕਾ , ਲਿਬਰਲ ਪਾਰਟੀ ਦੇ ਮੌਜੂਦਾ ਜੋ ਆਗੂ ਹਨ , ਉਹਨਾਂ ਵਾਸਤੇ ਮਾਰਚ 2020 ਲੀਡਰਸ਼ਿਪ ਚੋਣ ਲਈ ਡੈਲੀਗੇਟ ਵੀ ਚੁਣੇ ਗਏ ਸਨ ।

ਇਸ ਤੋਂ ਇਲਾਵਾ ਇਨ੍ਹਾਂ ਜ਼ੰਮੇਵਾਰੀਆਂ ਦੇ ਬਾਵਜੂਦ ਉਹ ਸਮਾਜ ਸੇਵਾ ਲਈ ਵੀ ਤੱਤਪਰ ਰਹਿੰਦੇ ਹਨ । ਬੇਘਰਾਂ ਨੂੰ ਜੈਕਟਾਂ, ਕੋਟ ,ਗਰਮ ਬਿਸਤਰ ਤੇ ਲਾਕਡਾਊਨ ਦੌਰਾਨ ਭੋਜਨ ਹੋਰ ਜ਼ਰੂਰੀ ਵਸਤਾਂ ਨੂੰ ਉਨ੍ਹਾਂ ਤੱਕ ਪਹੁੰਚਾਉਂਦੇ ਹਨ ।

ਮੇਰੀਆਂ ਦਿਲੋਂ ਦੁਆਵਾਂ ਹਨ ਕਿ ਸਰਦਾਰ ਕੰਗ ਹਮੇਸ਼ਾ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰਨ ਦੇ ਨਾਲ , ਮਾਂ ਬੋਲੀ ਅਤੇ ਪੰਜਾਬੀ ਭਾਈਚਾਰੇ ਦਾ ਨਾਮ ਰੋਸ਼ਨ ਕਰਨ ਲਈ ਇਸੇ ਤਰ੍ਹਾਂ ਜੁਟੇ ਰਹਿਣ ।ਰੱਬ ਉਹਨਾਂ ਨੂੰ ਤੰਦਰੁਸਤੀ ਤੇ ਲੰਬੀ ਉਮਰ ਬਖ਼ਸ਼ੇ । ਆਮੀਨ

*-ਰਾਜਨਦੀਪ ਕੌਰ ਮਾਨ*
*6239326166*

# ਬਿਨਾਂ ਪਤੇ ਵਾਲੀ ਚਿੱਠੀ

ਜਸਬੀਰ ਨੂੰ ਲਿਖਣ ਤੇ ਪੜ੍ਹਨ ਦਾ ਸ਼ੌਕ ਬਚਪਨ ਤੋਂ ਹੀ ਸੀ, ਕਿਤੇ ਵੀ ਅਖਬਾਰ ਦਾ ਪੱਤਰਾ ਉੱਡਦਾ ਵੇਖਦੀ ਤਾਂ ਝਟ ਦਿਨੀਂ ਫੜ੍ਹ ਝਾੜ ਪੂੰਝ ਕੇ ਪੜ੍ਹਨ ਬਹਿ ਜਾਂਦੀ। ਸੌਦੇ ਪੱਤੇ ਵਿੱਚ ਆਈ ਖੰਡ ਉੱਪਰ ਦੁਕਾਨਦਾਰ ਇੱਕ ਅਖਬਾਰ ਦਾ ਟੋਟਾ ਰੱਖ ਦਿੰਦਾ, ਉਹ ਉਸ ਟੋਟੇ ਨੂੰ ਵੀ ਸੰਭਾਲ ਲੈਂਦੀ। ਧੀ ਦੀ ਪੜ੍ਹਨ ਵਿੱਚ ਐਨੀ ਰੁਚੀ ਵੇਖ ਬਾਪੂ ਨੇ ਘਰ ਅਖਬਾਰ ਲਗਵਾ ਦਿੱਤੀ, ਹੁਣ ਜਸਬੀਰ ਕੌਰ ਉਤਲੇ ਅਸਮਾਨਾਂ ਤੇ ਸੀ, ਉਸਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ । ਇਹ ਗੱਲ 1995-96 ਦੀ ਹੈ ਜਦੋਂ ਦੀ ਘਰ ਅਖਬਾਰ ਲੱਗੀ ਐਤਵਾਰ ਜਸਬੀਰ ਲਈ ਸਭ ਤੋਂ ਵਧੀਆ ਹੁੰਦਾ ਸੀ ਉਸ ਦਿਨ ਦੇ ਅਖਬਾਰ ਦੀ ਜਸਬੀਰ ਨੂੰ ਹੋਰ ਵੀ ਬੇਸਬਰੀ ਨਾਲ ਉਡੀਕ ਰਹਿੰਦੀ ਕਿਉਂਕਿ ਉਸ ਦਿਨ ਅਖਬਾਰ ਵਿੱਚ ਕਹਾਣੀਆਂ ਤੇ ਨਾਵਲ ਹੁੰਦੇ ਤੇ ਹਫਤੇ ਦੀ ਤਾਂਘ ਹੁੰਦੀ ਕਿ ਅੱਜ ਕੀ ਬਣਿਆ ਹੋਊ ਅਗਲੇ ਅੰਕ ਵਿੱਚ।

ਜਦੋਂ ਅਖਬਾਰ ਹੱਥ ਆ ਜਾਂਦਾ ਤਾਂ ਉਹ ਥੋੜੇ ਖੜਖੜੇ ਕਿਸੇ ਦੇ ਹੱਥ ਨਾ ਆਉਂਦੀ, ਗਾਲ੍ਹਾਂ ਖਾ ਲੈਂਦੀ ਪਰ ਪੜ੍ਹੇ ਬਿਨਾ ਨਾ ਸਰਦਾ। ਉਸਨੂੰ ਮੈਡਮ ਦਲੀਪ ਕੌਰ ਟਿਵਾਣਾ ਜੀ ਦੇ ਨਾਵਲ ਤੇ ਕਹਾਣੀਆਂ ਪੜ੍ਹ ਪੜ੍ਹ ਜਿਵੇਂ ਉਹਨਾਂ ਨਾਲ ਮੋਹ ਜਿਹਾ ਹੋ ਗਿਆ ਸੀ ਮੈਡਮ ਦਲੀਪ ਕੌਰ ਟਿਵਾਣਾ ਦੀ ਸਰਲ ਭਾਸ਼ਾ ਵਿੱਚ ਲਿਖੀਆਂ ਲਿਖਤਾਂ ਉਹ ਵਾਰ ਵਾਰ ਪੜ੍ਹਦੀ ਤੇ ਦੂਰ ਬੈਠਿਆ ਹੀ ਸਾਂਝ ਜਿਹੀ ਪਾ ਬੈਠੀ ਤੇ ਮੈਡਮ ਦਲੀਪ ਕੌਰ ਜਸਬੀਰ ਦੇ ਮਨਪਸੰਦ ਦੇ ਲੇਖਕ ਬਣ ਗਏ।


ਹਰਕੀਰਤ ਕੌਰ 97791 18066

ਜਸਬੀਰ ਦਾ ਬਾਪੂ ਸਿੱਧਾ ਸਾਦਾ ਜਿਹਾ ਕਿਰਤੀ ਕਿਸਾਨ ਸੀ, ਉਸਨੇ ਜਸਬੀਰ ਕੁਝ ਜਿਆਦਾ ਨਹੀਂ ਪੜਾਇਆ, ਇਸੇ ਕਰਕੇ ਉਹ ਕਦੇ ਕਦੇ ਬਾਪੂ ਨਾਲ ਖਫਾ ਵੀ ਰਹਿੰਦੀ, ਉਸਦੀ ਇੱਕ ਜਮਾਤਣ ਪਟਿਆਲੇ ਪੜ੍ਹਦੀ ਸੀ, ਉਸਨੂੰ ਵੇਖ ਜਸਬੀਰ ਨੂੰ ਆਪਣੇ ਬਾਪੂ ਤੇ ਗੁੱਸਾ ਆਵੇ ਕਿ ਜੇ ਮੈਂ ਵੀ ਪਟਿਆਲੇ ਪੜ੍ਹਦੀ ਹੁੰਦੀ ਤਾਂ ਮੈਂ ਵੀ ਮੈਡਮ ਦਲੀਪ ਕੌਰ ਟਿਵਾਣਾ ਜੀ ਨੂੰ ਮਿਲਿਆ ਕਰਦੀ.....

ਉਸ ਕੁੜੀ ਨੇ ਜਦੋਂ ਪਿੰਡ ਆਉਣਾ ਜਸਬੀਰ ਨੇ ਉਸਨੂੰ ਮਿਲਣ ਜਰੂਰ ਜਾਣਾ ਤੇ ਸਾਰਾ ਦਿਨ ਮੈਡਮ ਦਲੀਪ ਕੌਰ ਟਿਵਾਣਾ ਦੇ ਰਹਿਣ ਸਹਿਣ ਦੀਆਂ ਗੱਲਾਂ ਕਰਦੇ ਰਹਿਣਾ।

ਉਹਨਾਂ ਸਮਿਆਂ ਵਿੱਚ ਜਸਬੀਰ ਲਈ ਲੇਖਕ ਕੋਈ ਅਰਸ਼ੋ ਉਤਰੇ ਅਵਤਾਰ ਹੁੰਦੇ ਸੀ ਕਿ ਜੋ ਐਨਾ ਸੋਹਣਾ ਲਿਖਦੇ ਨੇ ਖੌਰੇ ਕਿਵੇਂ ਔੜਦੀਆਂ ਨੇ ਐਨੀਆਂ ਸੋਹਣੀਆਂ ਗੱਲਾਂ, ਬਸ ਪਤਾ ਨਹੀਂ ਕੀ ਕੀ ਸੋਚਦੀ ਰਹਿਣਾ

ਉਹਨਾਂ ਸਮਿਆਂ ਵਿੱਚ ਖਤ ਬਹੁਤ ਲਿਖੇ ਜਾਂਦੇ ਸੀ, ਭੈਣਾਂ ਭਰਾਵਾਂ ਦੀ ਸੁੱਖ ਸਾਂਦ ਪੁੱਛਣ ਲਈ ਆ ਸਮਰਾਟ ਫੋਨ (ਸਮਾਰਟ) ਨਹੀ ਸੀ ਹੋਇਆ ਕਰਦੇ ਜਸਬੀਰ ਨੇ ਵੀ ਆਪਣੀ ਮਾਂ ਦੇ ਪਰਦੇਸੀ ਬੈਠੇ ਭੈਣ ਭਰਾਵਾਂ ਨੂੰ ਕਦੇ ਭੈਣ ਬਣ ਕੇ ਕਦੇ ਭਰਾ ਬਨ ਕੇ ਬਹੁਤ ਖਤ ਲਿਖੇ ਸਨ। ਇੱਕ ਦਿਨ ਜਸਬੀਰ ਨੂੰ ਫੁਰਨਾ ਆਇਆ ਕਿਉਂ ਨਾ ਇੱਕ ਖਤ ਮੈਡਮ ਜੀ ਨੂੰ ਵੀ ਲਿਖਿਆ ਜਾਵੇ.... ਫੇਰ ਕੀ ਸੀ ਮੋਹ ਦੀ ਮਾਰੀ ਜਸਬੀਰੋ ਹੋ ਗਈ ਸ਼ੁਰੂ ਮੈਡਮ ਜੀ ਨੂੰ ਖਤ ਲਿਖਣ।

ਸ਼ਾਇਦ ਕੋਈ ਪ੍ਰੇਮਿਕਾ ਵੀ ਆਪਣੇ ਪ੍ਰੇਮੀ ਨੂੰ ਐਡਾ ਖਤ ਨਾ ਲਿਖਦੀ ਜਿੰਨਾ ਵੱਡਾ ਜਸਬੀਰ ਕੌਰ ਨੇ ਲਿਖ ਦਿੱਤਾ ਉਹ ਵੀ ਸਭ ਤੋਂ ਚੋਰੀਓ । ਬੜੀਆਂ ਹੀ ਸਿਫ਼ਤਾ ਲਿਖ ਕਰ ਦਿੱਤਾ ਪੋਸਟ। ਬਸ ਫ਼ੇਰ ਕੀ ਸੀ ਜਸਬੀਰ ਦੇ ਪੈਰ ਭੁੰਜੇ ਨਾ ਲੱਗਣ ਕਿ ਮੈਡਮ ਜੀ ਪੜ੍ਹ ਕੇ ਕਿੰਨੇ ਖੁਸ਼ ਹੋਣਗੇ, ਕੀ ਸੋਚਣਗੇ? ਪਤਾ ਨਹੀਂ ਕਿੰਨੇ ਕਿ ਖਿਆਲ ਆਉਣ ਮਨ ਵਿੱਚ। ਡਾਕੀਆ ਜਦੋਂ ਆਉਂਦਾ ਜਸਬੀਰ ਕੰਨ ਖੜੇ ਕਰ ਸੁਣਨ ਲੱਗਦੀ ਜਿਵੇਂ ਉਸਦੀ ਚਿੱਠੀ ਦਾ ਜਵਾਬ ਆਇਆ ਹੋਊ, ਪਰ ਡਾਕੀਆ ਕਿੰਨੇ ਦਿਨ ਆਉਂਦਾ ਤੇ ਅੱਗੇ ਲੰਘ ਜਾਂਦਾ। ਹਫਤੇ ਤੋਂ ਥੋੜੇ ਦਿਨ ਵੱਧ ਲੱਗੇ ਤੇ ਡਾਕੀਏ ਨੇ ਜਸਬੀਰ ਕੌਰ ਦੇ ਘਰ ਦੇ ਅੱਗੇ ਖੜੋ ਸਾਈਕਲ ਦੀ ਟੱਲੀ ਮਾਰੀ... ਜਸਬੀਰ ਕੌਰ ਭੱਜੀ ਭੱਜੀ ਗਈ ਇਸ ਚਾਅ ਵਿੱਚ ਕਿ ਮੈਡਮ ਜੀ ਦੀ ਚਿੱਠੀ ਆਈ ਹੋਊ.... ਪਰ ਉਸਦੀ ਸਾਰੀ ਖੁਸ਼ੀ ਉਸ ਸਮੇਂ ਉਦਾਸੀ ਵਿੱਚ ਬਦਲ ਗਈ ਜਦੋਂ ਉਸਦੀ ਲਿਖੀ ਚਿੱਠੀ ਉਸ ਕੋਲ ਵਾਪਿਸ ਆ ਗਈ, ਉਦਾਸ ਹੋਈ ਜਸਬੀਰ ਦੀ ਡਾਕੀਏ ਨੂੰ ਚਿੱਠੀ ਵਾਪਿਸ ਆਉਣ ਦਾ ਕਾਰਣ ਪੁੱਛਣ ਦੀ ਵੀ ਹਿੰਮਤ ਨਾ ਹੋਈ

ਫਿਰ ਬਹੁਤ ਦਿਨਾਂ ਬਾਅਦ ਉਸਦੀ ਜਮਾਤਣ ਪਟਿਆਲੇ ਤੋਂ ਵਾਪਿਸ ਆਈ ਤਾਂ ਜਸਬੀਰ ਨੇ ਸਾਰੀ ਗੱਲ ਉਸਨੂੰ ਦੱਸੀ, ਸਹੇਲੀ ਨੇ ਪੁੱਛਿਆ ਪਤਾ ਸਹੀ ਲਿਖਿਆ ਸੀ? ਜਸਬੀਰ ਨੇ ਕਿਹਾ ਹਾਂ ਪਟਿਆਲਾ ਲਿਖਿਆ ਸੀ..... ਜਸਬੀਰ ਦੀ ਗੱਲ ਸੁਣ ਉਸਦੀ ਜਮਾਤਣ ਬੜੀ ਹੱਸੀ ਤੇ ਕਹਿਣ ਲੱਗੀ ਸ਼ਹਿਰਾਂ ਵਿੱਚ ਘਰਾਂ ਦੇ ਨੰਬਰ, ਮੁਹੱਲੇ ਦੇ ਨੰਬਰ ਸਭ ਲਿਖਣੇ ਪੈਂਦੇ ਤਾਂ ਜਾਕੇ ਅੱਪੜਦਿਆਂ ਨੇ ਚਿੱਠੀਆਂ, ਐਨੀ ਗੱਲ ਸੁਣ ਜਸਬੀਰ ਤੇ ਉਸਦੀ ਜਮਾਤਣ ਜਸਬੀਰ ਦੇ ਭੋਲੇਪਣ ਤੇ ਮੈਡਮ ਜੀ ਨਾਲ ਹੋਏ ਅਵੱਲੇ ਇਸ਼ਕ ਤੇ ਹੱਸਣ ਲੱਗੀਆਂ। ਅੱਜ ਵੀ ਜਸਬੀਰ ਨੇ ਉਹ ਬਿਨਾ ਪਤੇ ਵਾਲੀ ਚਿੱਠੀ ਸੰਭਾਲ ਕੇ ਰੱਖੀ ਏ, ਜਦੋਂ ਵੀ ਕਿਤੇ ਖੋਲ੍ਹਦੀ ਏ ਤੇ ਅੱਜ ਵੀ ਖਿੜਖੜਾ ਹੱਸ ਪੈਂਦੀ, ਜਸਬੀਰ ਅੱਜ ਬਹੁਤ ਸੋਹਣੀਆਂ ਕਵਿਤਾਵਾਂ ਲਿਖਦੀ ਹੈ।



# ਖ਼ਬਰਾਂ ਪੰਜਾਬ ਦੀਆਂ



## ਪੰਜਾਬ ਨੂੰ ਕੋਰੋਨਾ ਦਾ ਟੀਕੇ ਭੇਜਣ ਤੋਂ ਫਾਈਜ਼ਰ ਵੱਲੋਂ ਵੀ ਇਨਕਾਰ




ਚੰਡੀਗੜ੍ਹ, 25 ਮਈ (ਪੋਸਟ ਬਿਊਰੋ)- ਅਮਰੀਕਾ ਦੀ ਦਵਾਈ ਕੰਪਨੀ ਮੌਡਰਨਾ ਤੋਂ ਬਾਅਦ ਇੱਕ ਹੋਰ ਕੋਵਿਡ ਟੀਕਾ ਕੰਪਨੀ ਫਾਈਜ਼ਰ ਨੇ ਵੀ ਪੰਜਾਬ ਸਰਕਾਰ ਨੂੰ ਸਿੱਧੇ ਟੀਕੇ ਭੇਜਣ ਤੋਂ ਨਾਂਹ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਫਾਈਜ਼ਰ ਕੰਪਨੀ ਤੱਕ ਪਹੁੰਚ ਕਰ ਕੇ ਕੋਰੋਨਾ ਦੀ ਵੈਕਸੀਂ ਦੀ ਮੰਗ ਕੀਤੀ ਸੀ, ਪਰ ਫਾਈਜ਼ਰ ਨੇ ਕੋਵਿਡ-19 ਮਹਾਮਾਰੀ ਨਾਲ ਨਜਿੱਠਣ ਬਾਰੇ ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਜ਼ਰੂਰ ਕੀਤੀ ਹੈ, ਪਰ ਸਾਫ ਕਹਿ ਦਿੱਤਾ ਹੈ ਕਿ ਉਨ੍ਹਾਂ ਦੀ ਆਪਣੀ ਨੀਤੀ ਅਨੁਸਾਰ ਉਹ ਸਿਰਫ ਭਾਰਤ ਸਰਕਾਰ ਨਾਲ ਸਮਝੌਤਾ ਕਰ ਸਕਦੇ ਹਨ।ਇਸ ਬਾਰੇ ਪੰਜਾਬ ਸਰਕਾਰ ਦੇ ਟੀਕਾਕਰਨ ਲਈ ਸਟੇਟ ਨੋਡਲ ਅਫਸਰ ਤੇ ਸੀਨੀਅਰ ਆਈ ਏ ਐਸ ਅਧਿਕਾਰੀ ਵਿਕਾਸ ਗਰਗ ਨੇ ਦੱਸਿਆ ਕਿ ਫਾਈਜ਼ਰ ਨੇ ਆਪਣੇ ਜਵਾਬ ਵਿੱਚ ਕਿਹਾ ਕਿ ਉਹ ਕੌਮੀ ਟੀਕਾਕਰਨ ਪ੍ਰੋਗਰਾਮ ਲਈ ਆਪਣੇ ਕੋਵਿਡ-19 ਟੀਕੇ ਸਪਲਾਈ ਕਰਨ ਲਈ ਸੰਸਾਰ ਭਰ ਦੀਆਂ ਕੇਂਦਰੀ ਸਰਕਾਰਾਂ ਨਾਲ ਹੀ ਕੰਮ ਕਰਦੀ ਹੈ। ਕੰਪਨੀ ਦੇ ਦੱਸਣ ਅਨੁਸ-ਾਰ ਇਸ ਸਮੇਂ ਉਨ੍ਹਾਂ ਦੇ ਸਪਲਾਈ ਸਮਝੌਤੇ ਕੌਮੀ ਸਰਕਾਰਾਂ ਅਤੇ ਸੁਪਰ-ਕੌਮੀ ਸੰਗਠਨਾਂ ਦੇ ਨਾਲ ਹਨ, ਜੋ ਖੁਰਾਕਾਂ ਦੀ ਸਪਲਾਈ ਅਤੇ ਦੇਸ਼ ਵਿੱਚ ਲਾਗੂ ਕਰਨ ਬਾਰੇ ਫੈਸਲੇ ਢੁੱਕਵੀਂ ਸਿਹਤ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਦੇ ਆਧਾਰ ਉੱਤੇ ਲੈਂਦੀਆਂ ਹਨ। ਇਹ ਪਹੁੰਚ ਫਾਈਜ਼ਰ ਨੇ ਪੂਰੀ ਦੁਨੀਆ ਵਿੱਚ ਅਪਣਾਈ ਹੈ।ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਵੱਲੋਂ ਇਸ ਰਾਜ ਵਿੱਚ ਜਲਦੀ ਟੀਕਾਕਰਨ ਯਕੀਨੀ ਕਰਨ ਦੇ ਲਈ ਸਾਰੇ ਸੰਭਾਵੀ ਸਰੋਤਾਂ ਤੋਂ ਟੀਕਿਆਂ ਦੀ ਖਰੀਦ ਲਈ ਵਿਸ਼ਵ-ਵਿਆਪੀ ਟੈਂਡਰ ਤੈਅ ਕਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ ਦੇ ਨਿਰਦੇਸ਼ਾਂ ਅਨੁਸਾਰ ਸਾਰੇ ਟੀਕਾ ਕੰਪਨੀਆਂਨਾਲ ਵੱਖ-ਵੱਖ ਕੋਵਿਡ ਟੀਕਿਆਂ ਦੀ ਖਰੀਦ ਲਈ ਪਹੁੰਚ ਕੀਤੀ ਗਈ ਸੀ, ਜਿਨ੍ਹਾਂ ਵਿੱਚ ਸਪੂਤਨਿਕ ਵੀ, ਫਾਈਜ਼ਰ, ਮੌਡਰਨਾ ਅਤੇ ਜੌਹਨਸਨ ਐਂਡ ਜੌਹਨਸਨ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਸਪੂਤਨਿਕ ਵੀ ਅਤੇ ਜੌਹਨਸਨ ਐਂਡ ਜੌਹਨਸਨ ਤੋਂ ਪੰਜਾਬ ਸਰਕਾਰ ਅਜੇ ਵੀ ਹਾਂ ਪੱਖੀ ਜਵਾਬ ਦੀ ਆਸ ਕਰ ਰਹੀ ਹੈ। ਰਾਜ ਵਿੱਚ ਟੀਕਿਆਂ ਦੀ ਘਾਟ ਨੂੰ ਪੂਰਾ ਕਰਨ ਲਈ ਹੋਰ ਟੀਕੇ ਖਰੀਦਣ ਲਈ ਇਸ ਦੌਰਾਨ ਸਾਰੇ ਯਤਨ ਕੀਤੇ ਜਾਣਗੇ।

## ਮੰਤਰੀ ਚੰਨੀ ਨੂੰ ਨੋਟਿਸ ਉਤੇ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਦਾ ਯੂ-ਟਰਨ



ਚੰਡੀਗੜ੍ਹ, 25 ਮਈ (ਪੋਸਟ ਬਿਊਰੋ)- ਚੰਡੀਗੜ੍ਹ ਦੇ ਮਟਕਾ ਚੌਕ ਉੱਤੇ ਧਰਨਾ ਦੇਣ ਦਾ ਐਲਾਨ ਕਰਨ ਵਾਲੀ ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੇ ਕੱਲ੍ਹ ਆਪਣੇ ਬਿਆਨ ਤੋਂ ਪਲਟ ਕੇ ਕਿਹਾ ਕਿ ਮੈਂ ਧਰਨਾ ਨਹੀਂ ਸੀ ਦੇਣਾ, ਇਹ ਐਲਾਨ ਸਿਰਫ ਔਰਤਾਂ ਨੂੰ ਉਤਸ਼ਾਹਤ ਕਰਨ ਲਈ ਕੀਤਾ ਸੀ ਤਾਂ ਕਿ ਉਹ ਗੰਭੀਰ ਮੁੱਦਿਆਂ ਨੂੰ ਲੁਕਾਉਣ ਦੀ ਬਜਾਏ ਖੁੱਲ੍ਹ ਕੇ ਬੋਲਣ। ਪੰਜਾਬ ਦੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਕੁਝ ਸਾਲ ਪਹਿਲਾਂ ਇੱਕ ਮਹਿਲਾ ਆਈ ਏ ਐਸ ਅਧਿਕਾਰੀ ਨੂੰ ਗਲਤ ਮੈਸੇਜ ਭੇਜਣ ਬਾਰੇ ਕਮਿਸ਼ਨ ਵੱਲੋਂ ਜਾਰੀ ਨੋਟਿਸਬਾਰੇ ਗੁਲਾਟੀ ਨੇ ਕਿਹਾ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਸੁਨੇਹਾ ਵੀ ਆ ਗਿਆ ਹੈ ਕਿ ਛੇਤੀ ਹੀ ਕਮਿਸ਼ਨ ਨੂੰ ਜਵਾਬ ਮਿਲ ਜਾਵੇਗਾ।

ਇਸ ਤੋਂ ਪਹਿਲਾਂ ਮਨੀਸ਼ਾ ਗੁਲਾਟੀ ਨੇ ਐਲਾਨ ਕੀਤਾ ਸੀ ਕਿ ਜੇ ਪੰਜਾਬ ਸਰਕਾਰ ਨੇ ਸਾਡੇ ਕਮਿਸ਼ਨ ਦੇ ਨੋਟਿਸ ਦਾ ਜਵਾਬ ਨਾ ਦਿੱਤਾ ਤਾਂ ਉਹ ਅਤੇ ਕਮਿਸ਼ਨ ਦੇ ਮੈਂਬਰ ਮਟਕਾ ਚੌਕ ਉੱਤੇ ਧਰਨਾ ਦੇਣਗੇ। ਕੱਲ੍ਹ ਉਸ ਐਲਾਨ ਦੀ ਸਮਾਂ ਸੀਮਾ ਪੂਰੀ ਹੋਣ ਉੱਤੇਮਨੀਸ਼ਾ ਗੁਲਾਟੀ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਮਿਸ਼ਨ ਦੀ ਕਾਰਜ ਪ੍ਰਣਾਲੀ ਉੱਤੇ ਸਵਾਲ ਕਰਨ ਵਾਲਿਆਂ ਨੂੰ ਸੁਚੇਤ ਕੀਤਾ ਕਿ ਉਹ ਚੌਕਸ ਰਹਿਣ, ਕਿਤੇ ਉਨ੍ਹਾਂ ਦੇ ਹੱਥ ਨਾ ਸੜ ਜਾਣ। ਉਨ੍ਹਾਂ ਕਿਹਾ ਕਿ ਪੰਜਾਬ ਮਹਿਲਾ ਕਮਿਸ਼ਨ ਸੋਸ਼ਲ ਮੀਡੀਆ ਉੱਤੇ ਔਰਤਾਂ ਨੂੰ ਟਰੋਲ ਕਰਨ ਬਾਰੇ ਗੰਭੀਰ ਹੈ ਤੇ ਇਸ ਲਈ ਸਖਤ ਕਦਮ ਚੁੱਕਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੋਈ ਮੁੱਦਾ ਕਦੇ ਵੀ ਚੁੱਕਿਆ ਜਾ ਸਕਦਾ ਹੈ, ਇਸ ਲਈ ਪ੍ਰਕਿਰਿਆ ਉੱਤੇ ਸਵਾਲ ਉਠਾਉਣਾ ਗੈਰ ਵਾਜਬ ਹੈ। ਗੁਲਾਟੀ ਨੇ ਕਿਹਾ ਕਿ ਉਨ੍ਹਾਂ ਕਦੇ ਨਹੀਂ ਕਿਹਾ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਨਾਲ ਉਨ੍ਹਾਂ ਦੇ ਪਰਵਾਰਕ ਰਿਸ਼ਤੇ ਨਹੀਂ, ਪਰ ਇਸ ਦਾ ਕਮਿਸ਼ਨ ਦੀ ਚੇਅਰਪਰਸਨ ਹੋਣ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

## ਪ੍ਰੇਮੀ ਜੋੜਿਆਂ ਦੀ ਸੁਰੱਖਿਆ ਦੇ ਹਾਲਾਤ ਤੈਅ ਕਰਨ ਵਾਸਤੇ ਕੋਰਟ ਦਾ ਵੱਡਾ ਬੈਂਚ ਬਣਾਉਣ ਦੀ ਸਿਫਾਰਸ਼

ਚੰਡੀਗੜ੍ਹ, 25 ਮਈ (ਪੋਸਟ ਬਿਊਰੋ)- ਪ੍ਰੇਮੀ ਜੋੜਿਆਂ ਦੀ ਸੁਰੱਖਿਆ ਬਾਰੇ ਹਾਈ ਕੋਰਟ ਦੇ ਵੱਖ-ਵੱਖ ਫੈਸਲਿਆਂ ਨਾਲ ਬਣੀ ਵਖਰੇਵੇਂ ਭਰੇ ਵਿਚਾਰਾਂ ਦੀ ਸਥਿਤੀ ਬਾਰੇ ਹਾਈ ਕੋਰਟ ਦੇ ਜਸਟਿਸ ਅਨਿਲ ਖੇਤਰਪਾਲ ਨੇ ਇੱਕ ਪਟੀਸ਼ਨ ਉਤੇ ਸੁਣਵਾਈ ਦੌਰਾਨ ਕਿਹਾ ਹੈ ਕਿ ਇਸ ਬਾਰੇ ਹਾਲਾਤ ਸਪੱਸ਼ਟ ਕਰਨੇ ਜ਼ਰੂਰੀ ਹਨ। ਇਸ ਲਈ ਉਨ੍ਹਾਂ ਨੇ ਚੀਫ ਜਸਟਿਸ ਨੂੰ ਬੇਨਤੀ ਕੀਤੀ ਹੈ ਕਿ ਉਹ ਇੱਕ ਲਾਰਜਰ ਬੈਂਚ ਬਣਾ ਕੇ ਇਸ ਵਿਸ਼ੇ ਉਤੇ ਹਾਲਾਤ ਸਪੱਸ਼ਟ ਕਰਵਾਉਣ।


ਜਸਟਿਸ ਖੇਤਰਪਾਲ ਨੇ ਕਿਹਾ ਕਿ ਕੀ ਦੋ ਜੀਅ, ਜਿਹੜੇ ਆਪਣੀ ਮਰਜ਼ੀ ਨਾਲ ਇੱਕ ਦੂਜੇ ਨਾਲ ਰਹਿ ਰਹੇ ਹਨ, ਦੀ ਵਿਆਹੁਤਾ ਹਾਲਤ ਜਾਂ ਹੋਰ ਹਾਲਾਤ ਉਤੇ ਗੌਰ ਕੀਤੇ ਬਿਨਾਂ ਉਨ੍ਹਾਂ ਨੂੰ ਸੁਰੱਖਿਆ ਦਿੱਤੀ ਜਾ ਸਕਦੀ ਹੈ ਜਾਂ ਨਹੀਂ ਤੇ ਜੇ ਅਜਿਹਾ ਨਹੀਂ ਤਾਂ ਕਿਸ ਹਾਲ ਵਿੱਚ ਸੁਰੱਖਿਆ ਦੀ ਮੰਗ ਨੂੰ ਰੱਦ ਕੀਤਾ ਜਾਵੇ, ਇਨ੍ਹਾਂ ਸਵਾਲਾਂ ਉਤੇ ਲਾਰਜਰ ਬੈਂਚ ਫੈਸਲਾ ਕਰੇ। ਇਸ ਲਈ ਉਨ੍ਹਾਂ ਨੇ ਅਜਿਹੇ ਸਾਰੇ ਕੇਸਾਂ ਬਾਰੇ ਜਿਹੜੀਆਂ ਵੀ ਪਟੀਸ਼ਨਾਂ ਆਈਆਂ ਹਨ, ਦੇ ਵਕੀਲਾਂ ਨੂੰ ਲਾਰਜਰ ਬੈਂਚ ਸਾਹਮਣੇ ਨਿਪਟਾਰੇ ਦੀ ਮੰਗ ਕਰਨ ਦੀ ਛੋਟ ਦੇ ਦਿੱਤੀ ਹੈ। ਅਸਲ ਵਿੱਚ ਪਿੱਛੇ ਜਿਹੇ ਪ੍ਰੇਮੀ ਜੋੜਿਆਂ ਦੀ ਸੁਰੱਖਿਆ ਦੇ ਕਈ ਕੇਸ ਹਾਈ ਕੋਰਟ ਪੁੱਜੇ ਸਨ, ਜਿਨ੍ਹਾਂ ਵਿੱਚ ਲਿਵ ਇਨ ਰਿਲੇਸ਼ਨ ਦੇ ਕੇਸ ਵੀ ਸਨ। ਲਿਵ ਇਨ ਰਿਲੇਸ਼ਨ ਦੇ ਕੁਝ ਕੇਸਾਂ ਵਿੱਚ ਹਾਈ ਕੋਰਟ ਨੇ ਪ੍ਰੇਮੀ ਜੋੜੇ ਨੂੰ ਸੁਰੱਖਿਆ ਦੇ ਦਿੱਤੀ ਅਤੇ ਕੁਝ ਕੇਸਾਂ ਵਿੱਚ ਇਸ ਰਿਸ਼ਤੇ ਉਤੇ ਸਵਾਲ ਚੁੱਕਦੇ ਹੋਏ ਸੁਰੱਖਿਆ ਦੇਣ ਤੋਂ ਨਾਂਹ ਕਰ ਦਿੱਤੀ ਸੀ। ਏਦਾਂ ਦਾ ਇੱਕ ਕੇਸ ਹਾਈ ਕੋਰਟ ਪੁੱਜਾ ਤਾਂ ਪਟੀਸ਼ਨਰ ਦੇ ਵਕੀਲ ਨੇ ਕੋਰਟ ਵਿੱਚ ਅਜਿਹੇ ਚਾਰ ਕੇਸਾਂ ਦੀ ਜਾਣਕਾਰੀ ਦਿੱਤੀ, ਜਿਸ ਵਿੱਚ ਹਾਈ ਕੋਰਟ ਨੇ ਸੁਰੱਖਿਆ ਦੇਣ ਤੋਂ ਮਨਾਹੀ ਕੀਤੀ ਸੀ, ਪਰ ਚਾਰ ਅਜਿਹੇ ਕੇਸ ਵੀ ਦੱਸੇ ਗਏ, ਜਿਨ੍ਹਾਂ ਵਿੱਚ ਹਾਈ ਕੋਰਟ ਨੇ ਸੁਰੱਖਿਆ ਦੇ ਦਿੱਤੀ ਸੀ।

## ਅਰੁਣਾਚਲ ਪ੍ਰਦੇਸ਼ ਨੂੰ ਚੀਨ ਦਾ ਹਿਸਾ ਦੱਸਣ ਵਾਲੇ ਨੂੰ ਘਰੋਂ ਚੁੱਕਿਆ

ਲੁਧਿਆਣਾ, 25 ਮਈ (ਪੋਸਟ ਬਿਊਰੋ)- ਸੋਸ਼ਲ ਮੀਡੀਆ ਉੱਤੇ ਅਰੁਣਾਚਲ ਪ੍ਰਦੇਸ਼ ਨੂੰ ਚੀਨ ਦਾ ਹਿੱਸਾ ਦੱਸਣ ਵਾਲਾ ਨੌਜਵਾਨ ਕੱਲ੍ਹ ਅਚਾਨਕ ਲਾਪਤਾ ਹੋ ਗਿਆ। ਪਰਵਾਰ ਦਾ ਕਹਿਣਾ ਹੈ ਕਿ ਤਿੰਨ ਜਣੇ ਉਨ੍ਹਾਂ ਦੇ ਘਰ ਆਏ ਅਤੇ ਖੁਦ ਨੂੰ ਪੁਲਸ ਮੁਲਾਜ਼ਮ ਹੋਣ ਦੀ ਗੱਲ ਕਹਿ ਕੇ ਉਸ ਨੂੰ ਨਾਲ ਲੈ ਗਏ ਸਨ। ਇਸ ਦੇ ਬਾਅਦ ਤੋਂ ਉਸ ਦਾ ਕੁਝ ਪਤਾ ਨਹੀਂ ਹੈ। ਕਮਿਸ਼ਨਰੇਟ ਪੁਲਸ ਨੌਜਵਾਨ ਦੇ ਬਾਰੇ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕਰ ਰਹੀ ਹੈ।

ਅਸਲ ਵਿੱਚ ਸੋਸ਼ਲ ਮੀਡੀਆ ਦੇ ਯੂ-ਟਿਊਬ ਉੱਤੇ ਪਾਰਸ ਨਾਂਅ ਦੇ ਨੌਜਵਾਨ ਨੇ ਬੀਤੇ ਐਤਵਾਰ ਆਪਣੇ ਪਾਰਸ ਚੈਨਲ ਉੱਤੇ ਇੱਕ ਵੀਡੀਓ ਅਪਲੋਡ ਕੀਤਾ ਸੀ, ਜਿਸ ਵਿੱਚ ਉਸ ਨੇ ਦੱਸਿਆ ਕਿ ਸੰਸਾਰ ਨਕਸ਼ੇ ਵਿੱਚ ਜਿੱਥੇ ਅਰੁਣਾਚਲ ਪ੍ਰਦੇਸ਼ ਦਿੱਸਦਾ ਹੈ, ਉਸ ਦੇ ਆਸਪਾਸ ਦੇ ਸਾਰੇ ਇਲਾਕੇ ਚੀਨ ਦੇ ਹਨ। ਇਸ ਦਾ ਭਾਵ ਇਹ ਹੈ ਕਿ ਅਰੁਣਾਚਲ ਪ੍ਰਦੇਸ਼ ਭਾਰਤ ਦਾ ਹਿੱਸਾ ਨਾ ਹੋ ਕੇ ਚੀਨ ਵਿੱਚ ਕਿਤੇ ਹੈ। ਜਾਣਕਾਰ ਸੂਤਰ ਦੱਸਦੇ ਹਨ ਕਿ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਅਤੇ ਓਥੋਂ ਦੀ ਪੁਲਸ ਦੇ ਡੀ ਜੀ ਪੀ ਨੇ ਇਸਦਾ ਸਖਤ ਨੋਟਿਸ ਲਿਆ ਸੀ ਅਤੇ ਉਸ ਦੇ ਖਿਲਾਫ ਅਰੁਣਾਚਲ ਪ੍ਰਦੇਸ਼ ਦੇ ਏਟਾਨਗਰ ਥਾਣੇ ਵਿੱਚ 24 ਮਈ ਨੂੰ ਕੇਸ ਦਰਜ ਕੀਤਾ ਲਿਆ ਗਿਆ। ਪਾਰਸ ਦੀ ਇਸ ਹਰਕਤ ਉੱਤੇ ਲੋਕਾਂ ਨੇ ਇਤਰਾਜ਼ ਵੀ ਕੀਤਾ, ਜਿਸ ਕਾਰਨ ਐਤਵਾਰ ਸਵੇਰੇ ਪਾਰਸ ਨੇ ਆਪਣੀ ਗਲਤੀ ਲਈ ਸਭ ਤੋਂ ਮੁਆਫੀ ਮੰਗੀ ਅਤੇ ਦੁਪਹਿਰ ਬਾਅਦ ਪਾਰਸ ਦੀ ਮਾਂ ਨੇ ਉਸ ਦੇ ਚੈਨਲ ਉੱਤੇ ਲਾਈਵ ਹੋ ਕੇ ਬੇਟੇ ਦੇ ਲਾਪਤਾ ਹੋਣ ਦੀ ਗੱਲ ਕਹੀ। ਸਮਝਿਆ ਜਾਂਦਾ ਹੈ ਕਿ ਅਰੁਣਾਚਲ ਪ੍ਰਦੇਸ਼ ਦੀ ਪੁਲਸ ਪਾਰਸ ਨੂੰ ਲੁਧਿਆਣੇ ਤੋਂ ਨਾਲ ਲੈ ਗਈ ਹੈ।

## ਪ੍ਰੇਮ ਸੰਬੰਧਾਂ ਦੇ ਵਿਚਾਲੇ ਆਉਂਦਾ ਪੁੱਤਰ ਮਾਂ ਨੇ ਮਰਵਾ ਦਿੱਤਾ




ਗੁਰਦਾਸਪੁਰ, 25 ਮਈ (ਪੋਸਟ ਬਿਊਰੋ)- ਕਾਹਨੂੰਵਾਨ ਇਲਾਕੇ ਵਿੱਚ ਡਰੇਨ ਵਿੱਚੋਂ 23 ਮਈ ਨੂੰ ਇੱਕ ਵਿਅਕਤੀ ਦੀ ਅੱਧ-ਸੜੀ ਲਾਸ਼ ਮਿਲੀ ਸੀ, ਜਿਸ ਬਾਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਸੀ। ਪੁਲਸ ਜਾਂਚ ਵਿੱਚ ਪਤਾ ਲੱਗਾ ਕਿ ਮ੍ਰਿਤਕ ਦੀ ਮਾਂ ਦੇ ਇੱਕ ਵਿਅਕਤੀ ਨਾਲ ਨਾਜਾਇਜ਼ ਸੰਬੰਧ ਸਨ, ਜਿਸ ਦਾ ਉਸ ਦੇ ਬੇਟੇ ਨੂੰ ਪਤਾ ਲੱਗ ਗਿਆ ਸੀ ਤੇ ਉਹ ਆਪਣੀ ਮਾਂ ਨੂੰ ਅਜਿਹਾ ਕਰਨ ਤੋਂ ਰੋਕਦਾ ਸੀ, ਜਿਸ ਕਾਰਨ ਮਾਂ ਨੇ ਆਪਣੇ ਆਸ਼ਕ ਨਾਲ ਮਿਲ ਕੇ ਆਪਣੇ ਹੀ ਜਵਾਨ ਬੇਟੇ ਨੂੰ ਮਾਰ ਦਿੱਤਾ ਸੀ, ਜਿਸ ਬਾਰੇ ਪੁਲਸ ਕਾਰਵਾਈ ਕਰ ਰਹੀ ਹੈ।

ਐਸ ਐਸ ਪੀ ਗੁਰਦਾਸਪੁਰ ਡਾਕਟਰ ਨਾਨਕ ਸਿੰਘ ਨੇ ਦੱਸਿਆ ਕਿ ਜਾਂਚ ਪਿੱਛੋਂ ਮ੍ਰਿਤਕ ਦੀ ਸ਼ਨਾਖਤ ਰਣਦੀਪ ਸਿੰਘ ਉਰਫ ਬੌਬੀ (26) ਪੁੱਤਰ ਕੁਲਵੰਤ ਸਿੰਘ ਵਾਸੀ ਬਲਵੰਡਾ ਵਜੋਂ ਹੋਈ ਹੈ। ਜਦੋਂ ਉਸ ਦੇ ਕੱਪੜਿਆਂ ਅਤੇ ਲਾਸ਼ ਦੀ ਸ਼ਨਾਖਤ ਲਈ ਉਸ ਦੇ ਘਰ ਪਹੁੰਚ ਕੇ ਉਸ ਦੀਮਾਂ ਨੂੰ ਕਿਹਾ ਤਾਂ ਪਹਿਲਾਂ ਉਸ ਦੀ ਮਾਂ ਨੇ ਉਸ ਦੀ ਪਛਾਣ ਤੋਂ ਮਨ੍ਹਾ ਕਰ ਦਿੱਤਾ। ਪੁਲਸ ਨੇ ਜਦ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਮ੍ਰਿਤਕ ਦੀ ਮਾਤਾ ਰੁਪਿੰਦਰ ਜੀਤ ਕੌਰ ਤੇ ਸੁਖਵਿੰਦਰ ਸਿੰਘ ਉਰਫ ਗੋਰਾ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਚੱਕ ਸ਼ਰੀਫ ਦੇ ਪਿਛਲੇ ਛੇ ਮਹੀਨੇ ਤੋਂ ਨਾਜਾਇਜ਼ ਸੰਬੰਧ ਸਨ।ਰੁਪਿੰਦਰ ਜੀਤ ਕੌਰ ਨੇ ਸੁਖਵਿੰਦਰ ਸਿੰਘ ਤੇ ਉਸ ਦੇ ਦੋਸਤ ਗੁਰਜੀਤ ਸਿੰਘ ਨਾਲ ਮਿਲ ਕੇ ਰਣਦੀਪ ਸਿੰਘ ਨੂੰ ਆਪਣੇ ਘਰ ਵਿੱਚ ਕਤਲ ਕਰ ਦਿੱਤਾ ਤੇ ਸਬੂਤ ਮਿਟਾਉਣ ਲਈ ਲਾਸ਼ ਨੂੰ ਪਿੰਡ ਝੰਡਾ ਗੁੱਜਰਾਂ ਦੀ ਡਰੇਨ ਵਿੱਚ ਸੁੱਟ ਦਿੱਤਾ। ਕਤਲ ਕਰਨਤੋਂ ਦੋ ਦਿਨ ਪਹਿਲਾਂ ਰੁਪਿੰਦਰ ਜੀਤ ਕੌਰ ਆਪਣੇ ਪ੍ਰੇਮੀ ਸੁਖਵਿੰਦਰ ਸਿੰਘ ਦੇ ਨਾਲ ਮਿਲ ਕੇ ਰਣਦੀਪ ਨੂੰ ਨੀਂਦ ਦੀਆਂ ਗੋਲੀਆਂ ਦਿੰਦੀ ਰਹੀ ਤਾਂ ਕਿ ਉਹ ਬੇਹੋਸ਼ੀ ਦੀ ਹਾਲਤ ਵਿੱਚ ਰਹੇ ਅਤੇ ਉਸ ਨੂੰ ਕਤਲ ਕਰ ਸਕਣ। ਪੁਲਸ ਨੇ ਰੁਪਿੰਦਰ ਜੀਤ ਕੌਰ ਪਤਨੀ ਕੁਲਵੰਤ ਸਿੰਘ ਵਾਸੀ ਬਲਵੰਡਾ ਤੇ ਸੁਖਵਿੰਦਰ ਸਿੰਘ ਉਰਫ ਸੁੱਖਾ ਉਰਫ ਗੋਰਾ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਚੱਕ ਸ਼ਰੀਫ ਨੂੰ ਗ੍ਰਿਫਤਾਰ ਕਰ ਲਿਆ ਹੈ। ਘਟਨਾ ਲਈ ਵਰਤਿਆ ਗਿਆ ਹਥੌੜਾ, ਸੁਖਵਿੰਦਰ ਸਿੰਘ ਵੱਲੋਂ ਵਰਤੀ ਗਈ ਛੁਰੀ ਅਤੇ ਕਾਰ ਵੀ ਪੁਲਸ ਨੇ ਬਰਾਮਦ ਕਰ ਲਈ ਹੈ। ਤੀਸਰੇ ਦੋਸ਼ੀ ਗੁਰਜੀਤ ਸਿੰਘ ਉਰਫ ਮਹਿਕੀ ਪੁੱਤਰ ਜਸਪਾਲ ਸਿੰਘ ਵਾਸੀ ਚੱਕਰ ਦੀ ਗ੍ਰਿਫਤਾਰੀ ਦੇ ਲਈ ਪੁਲਸ ਛਾਪੇਮਾਰੀ ਕਰ ਰਹੀ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।


ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਅਫਸਰਾਂ ਤੋਂ ਪ੍ਰੇਸ਼ਾਨ ਹੋਏ ਫੌਜੀ ਨੇ ਖੁਦਕੁਸ਼ੀ ਕਰ ਲਈ



ਮਾਨਸਾ, 25 ਮਈ (ਪੋਸਟ ਬਿਊਰੋ)- ਪਿੰਡ ਬੁਰਜ ਹਰੀ ਦੇ ਵਾਸੀ ਫੌਜੀ ਨੇ ਸੂਰਤਗੜ੍ਹ (ਰਾਜਸਥਾਨ) ਵਿੱਚ ਆਪਣੀ ਡਿਊਟੀ ਦੌਰਾਨ ਪੱਗ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਹੈ। ਪਰਵਾਰ ਦਾ ਕਹਿਣਾ ਹੈ ਕਿ ਉਸ ਨੂੰ ਕੋਈ ਅਫਸਰ ਤੰਗ ਪ੍ਰੇਸ਼ਾਨ ਕਰਦਾ ਸੀ, ਜਿਸ ਕਰ ਕੇ ਉਸ ਨੇ ਇਹ ਕਦਮ ਚੁੱਕਿਆ ਹੈ।

ਪਤਾ ਲੱਗਾ ਹੈ ਕਿ ਪਿੰਡ ਬੁਰਜ ਹਰੀ ਦਾ ਪ੍ਰਭਦਿਆਲ ਸਿੰਘ (25) ਪੁੱਤਰ ਗੁਰਸੇਵਕ ਸਿੰਘ ਕਰੀਬ ਪੰਜ ਸਾਲ ਪਹਿਲਾਂ ਫੌਜ ਵਿੱਚ ਭਰਤੀ ਹੋਇਆ ਸੀ। ਉਹ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਉਸ ਦੀ ਡਿਊਟੀ ਸੂਰਤਗੜ੍ਹ ਵਿੱਚ ਸੀ। ਉਸ ਨੇ ਕੱਲ੍ਹ ਆਪਣੀ ਯੂਨਿਟ ਵਿੱਚ ਪੱਗ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ।ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਆਗੂ ਅਤੇ ਪ੍ਰਭਦਿਆਲ ਸਿੰਘ ਦੇ ਦਾਦਾ ਮਹਿੰ-ਦਰ ਸਿੰਘ ਰੋਮਾਣਾ ਨੇ ਦੱਸਿਆ ਕਿ ਉਸ ਦੇ ਪੋਤਰੇ ਨੂੰ ਫੌਜ ਵਿੱਚ ਕੋਈ ਅਫਸਰ ਪ੍ਰੇਸ਼ਾਨ ਕਰਦਾ ਸੀ, ਪਰ ਉਸ ਨੇਇਹ ਕਿਸੇ ਨੂੰ ਨਹੀਂ ਦੱਸਿਆ, ਜਿਸ ਕਰ ਕੇ ਮਾਨਸਿਕ ਤੌਰ ਉੱਤੇ ਪ੍ਰੇਸ਼ਾਨ ਹੋ ਗਿਆ ਤੇ ਕੱਲ੍ਹ ਉਸ ਨੇ ਖੁਦਕੁਸ਼ੀ ਕਰ ਲਈ।ਇਸੇ ਦੌਰਾਨ ਪੁਲਸ ਚੌਕੀ ਠੂਠਿਆਂਵਾਲੀ ਦੇ ਇੰਚਾਰਜ ਗੁਰਤੇਜ ਸਿੰਘ ਨੇ ਦੱਸਿਆ ਕਿ ਪ੍ਰਭਦਿਆਲ ਸਿੰਘ ਦੀ ਮੌਤ ਹੋਣ ਦੀ ਸੂਚਨਾ ਮਿਲੀ ਹੈ। ਇਸ ਤੋਂ ਅੱਗੇ ਹੋਰ ਕੁਝ ਪਤਾ ਨਹੀਂ।

ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

ਸੰਪਰਕ: 416-816-1695

## ਪ੍ਰਧਾਨ ਮੰਤਰੀ ਯੋਜਨਾ ਹੇਠ 80 ਹਜ਼ਾਰ ਦੀ ਠੱਗੀ ਕਰਨ ਵਾਲਾ ਕਾਬੂ




ਕਰਤਾਰਪੁਰ, 25 ਮਈ (ਪੋਸਟ ਬਿਊਰੋ)- ਕਰਤਾਰਪੁਰ ਸ਼ਹਿਰ ਵਿੱਚ ਪ੍ਰਧਾਨ ਮੰਤਰੀ ਯੋਜਨਾ ਹੇਠ ਕਾਰਡ ਬਣਾਉਣ ਦੇ ਨਾਂਅ ਉੱਤੇ ਠੱਗੀ ਮਾਰਨ ਵਾਲੇ ਨੂੰ ਪੁਲਸ ਦੇ ਹਵਾਲੇ ਕੀਤਾ ਗਿਆ ਹੈ।

ਅਸਲ ਵਿੱਚ ਦੋ ਮਹੀਨੇ ਪਹਿਲਾਂ ਇੱਕ ਚਾਹ ਦੀ ਦੁਕਾਨ ਚਲਾਉਣ ਵਾਲੇ ਪਤੀ-ਪਤਨੀ ਨਾਲ ਇੱਕ ਨੌਜਵਾਨ ਨੇ ਠੱਗੀ ਮਾਰੀ ਸੀ। ਉਹ ਇੱਕ ਵਾਰ ਫਿਰ ਉਨ੍ਹਾਂ ਲੋਕਾਂ ਨਾਲ ਠੱਗੀ ਮਾਰਨ ਲਈ ਉਨ੍ਹਾਂ ਦੀ ਦੁਕਾਨ ਉੱਤੇ ਪਹੁੰਚਿਆ ਅਤੇ ਉਸ ਨੇ ਪੁੱਛਿਆ ਕਿ ਤੁਹਾਡੇ ਪ੍ਰਧਾਨ ਮੰਤਰੀ ਯੋਜਨਾ ਵਾਲੇ ਰੁਪਏ ਆ ਗਏ ਹਨ ਕਿ ਨਹੀਂ, ਆਪਣਾ ਆਧਾਰ ਕਾਰਡ ਦੇ ਦਿਓ,ਪਰ ਉਨ੍ਹਾਂ ਨੇਉਸ ਨੂੰ ਫੜ ਲਿਆ। ਠੱਗੀ ਦਾ ਸ਼ਿਕਾਰ ਹੋਈ ਪੀੜਤਾ ਸੀਤਾ ਪਤਨੀ ਰਿਖੀ ਬਹਾਦਰ ਵਾਸੀ ਚੰਦਨ ਨਗਰ ਕਰਤਾਰਪੁਰ ਨੇ ਦੱਸਿਆ ਕਿ ਉਨ੍ਹਾਂ ਦੀ ਛੋਟੀ ਜਿਹੀ ਚਾਹ ਦੀ ਦੁਕਾਨ ਹੈ। ਦੋ ਮਹੀਨੇ ਪਹਿਲਾਂ ਇੱਕ ਨੌਜਵਾਨ ਦੁਕਾਨ ਉੱਤੇ ਆਇਆ ਤੇ ਕਿਹਾ ਕਿ ਪ੍ਰਧਾਨ ਮੰਤਰੀ ਯੋਜਨਾ ਹੇਠ ਗਰੀਬਾਂ ਦੇ ਖਾਤੇ ਵਿੱਚ 10-10 ਹਜ਼ਾਰ ਰੁਪਏ ਆ ਰਹੇ ਹਨ। ਅਸੀਂ ਉਸ ਦੀਆਂ ਗੱਲਾਂ ਵਿੱਚ ਆ ਗਏ ਅਤੇ ਉਸ ਨੇ ਉਨ੍ਹਾਂ ਦਾ ਆਧਾਰ ਕਾਰਡ ਮੰਗਿਆ। ਮੈਂ ਆਪਣਾ ਆਧਾਰ ਕਾਰਡ ਦੇ ਦਿੱਤਾ ਤੇ ਉਸ ਨੇ ਇੱਕ ਮਸ਼ੀਨਤੋਂ ਆਪਣੇ ਮੋਬਾਈਲ ਫੋਨ ਨਾਲ ਜੋੜ ਕੇ ਮੇਰਾ ਅੰਗੂਠਾ ਲਵਾ ਲਿਆ। ਇਸ ਤਰ੍ਹਾਂ ਉਸ ਨੇ ਕਰੀਬ ਮੇਰੇ ਕੋਲੋਂ ਸੱਤ ਅੱਠ ਵਾਰ ਅੰਗੂਠਾ ਲਵਾ ਲਿਆ ਅਤੇ ਜਦ ਅਸੀਂ ਬੈਂਕ ਵਿੱਚ ਆਪਣੇ ਪੈਸੇ ਕਢਵਾਉਣ ਗਏ ਤਾਂ ਉਨ੍ਹਾਂ ਨੇ ਕਿਹਾ ਕਿ ਤੁਹਾਡੇ ਖਾਤੇ ਵਿੱਚ ਰੁਪਏ ਨਹੀਂ ਹਨ। ਅਸੀਂ ਜਦ ਆਪਣੇ ਅਕਾਊਂਟ ਦੀ ਸਟੇਟਮੈਂਟ ਕਢਵਾਈ ਤਾਂ ਦੇਖਿਆ ਕਿ ਉਕਤ ਨੌਜਵਾਨ ਨੇ ਕਾਰਡ ਬਣਾਉਣ ਦੇ ਬਹਾਨੇ ਅੱਠ ਵਾਰ ਦਸ-ਦਸ ਹਜ਼ਾਰ ਰੁਪਏ ਕਢਵਾ ਲਏ ਸਨ। ਇੱਕ ਵਾਰ ਫਿਰ ਤੋਂ ਇਹ ਕਾਰਡ ਬਣਾਉਣ ਵਾਲਾ ਸਾਡੀ ਦੁਕਾਨ ਉੱਤੇ ਆਇਆ ਤਾਂ ਮੇਰੇ ਪਤੀ ਨੇ ਲੋਕਾਂ ਦੀ ਮਦਦ ਨਾਲ ਉਸ ਨੂੰ ਕਾਬੂ ਕਰ ਕੇ ਪੁਲਸ ਦੇ ਹਵਾਲੇ ਕਰ ਦਿੱਤਾ। ਥਾਣਾ ਇੰਚਾਰਜ ਨੇ ਰਾਜੀਵ ਕੁਮਾਰ ਨੇ ਦੱਸਿਆ ਕਿ ਨੌਜਵਾਨ ਨੇ ਆਪਣਾ ਨਾਂਅ ਮੋਹਿਤ ਕੁਮਾਰ ਭਾਰਤੀ ਪੁੱਤਰ ਬਾਂਕੇ ਲਾਲ ਭਾਰਤੀ, ਵਾਸੀ ਮੀਰਾ ਮੁਸਹਰੀ, ਥਾਣਾ ਮੁਫਸਿਲ ਜ਼ਿਲ੍ਹਾ ਛਪਰਾ (ਬਿਹਾਰ) ਹਾਲ ਵਾਸੀ ਨਿਊ ਪ੍ਰੀਤ ਨਗਰ, ਨਜ਼ਦੀਕ ਮਾਤਾ ਦਾ ਮੰਦਰ, ਸਨਸਿਟੀ ਬਟਾਲਾ ਰੋਡ ਅੰਮ੍ਰਿਤਸਰ ਦੱਸਿਆ ਹੈ।

## ਕੋਰੋਨਾ ਦੇ ਦੌਰ ’ਚ ਯੂ ਪੀ ਸਰਕਾਰ ਦੇ ਅਕਸ ਬਾਰੇ ਘਬਰਾਈ ਭਾਜਪਾ ਦਾ ਆਰ ਐੱਸ ਐੱਸ ਨਾਲ ਮੰਥਨ



ਨਵੀਂ ਦਿੱਲੀ, 25 ਮਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਾਰ ਦੇ ਦੌਰਵਿੱਚ ਉਤਰ ਪ੍ਰਦੇਸ਼ ਦੇ ਸਿਆਸੀ ਹਾਲਾਤ ਕਾਰਨ ਭਾਜਪਾ ਤੇ ਰਾਸ਼ਟਰੀ ਸਵੈਸੇਵਕ ਸੰਘ ਦੀ ਲੀਡਰਸ਼ਿਪ ਨੇ ਉਚ ਪੱਧਰ ਉੱਤੇ ਮੰਥਨ ਕੀਤਾ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਸ਼ਾਮਲ ਹੋਏ ਸਨ। ਬੈਠਕ ਵਿੱਚ ਕੋਰੋਨਾ ਮਹਾਮਾਰੀ ਦੇ ਹਾਲਾਤ ਵਿਚ ਸਰਕਾਰ ਅਤੇ ਪਾਰਟੀ ਦੇ ਅਕਸ ਬਾਰੇ ਚਰਚਾ ਹੋਈ। ਕੋਰੋਨਾ ਦੀ ਦੂਜੀ ਲਹਿਰ ਵਿਚ ਲੋਕਾਂ ਵਿੱਚ ਸਰਕਾਰ ਬਾਰੇ ਲੋਕਾਂ ਦੀ ਨਾਰਾਜ਼ਗੀ ਨੂੰ ਵੇਖਦਿਆਂ ਇਸ ਬੈਠਕ ਨੂੰ ਬਹੁਤ ਜ਼ਿਆਦਾ ਅਹਿਮ ਮੰਨਿਆ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ ਉਤਰ ਪ੍ਰਦੇਸ਼ ਵਿੱਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਸ ਲਈ ਭਾਜਪਾ ਅਤੇ ਸੰਘ ਪਰਵਾਰ ਨੇ ਆਪਣੇ ਸੰਗਠਨ ਨੂੰ ਮਜ਼ਬੂਤ ਕਰਨ ਦੇ ਨਾਲ ਸਰਕਾਰੀ ਪੱਧਰ ਉੱਤੇ ਅਕਸ ਨੂੰ ਸੁਧਾਰਨ ਦੇ ਯਤਨ ਸ਼ੁਰੂ ਕਰਨ ਲਈ ਚਰਚਾ ਕੀਤੀ ਹੈ। ਪਾਰਟੀ ਅਤੇ ਸੰਘ ਦੇ ਸੂਤਰਾਂ ਅਨੁਸਾਰ ਯੂ ਪੀ ਦੀ ਸਥਿਤੀ ਬਾਰੇ ਬੈਠਕ ਵਿੱਚ ਨਰਿੰਦਰ ਮੋਦੀ ਤੋਂ ਬਿਨਾ ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਪ੍ਰਧਾਨ ਜੇ ਪੀ ਨੱਢਾ, ਸੰਘ ਦੇ ਸਰਕਾਰੀਆਵਾਹਾ ਦੱਤਾਤ੍ਰੇਯ ਹੋਸ-ਬੋਲੇ ਮੌਜੂਦ ਸਨ। ਇਸ ਤੋਂ ਬਿਨਾ ਉਤਰ ਪ੍ਰਦੇਸ਼ ਭਾਜਪਾ ਦੇ ਸੰਗਠਨ ਸੈਕਟਰੀ ਸੁਨੀਲ ਬਾਂਸਲ ਵੀ ਬੈਠਕ ਵਿੱਚ ਸ਼ਾਮਲ ਸਨ। ਜਾਣਕਾਰ ਸੂਤਰਾਂ ਅਨੁਸਾਰ ਬੈਠਕ ਵਿੱਚ ਸੰਗਠਨ ਅਤੇ ਸਰਕਾਰ ਬਾਰੇ ਕਈ ਫੈਸਲੇ ਲਏ ਗਏ ਹਨ।

ਕੋਰੋਨਾ ਮਹਾਮਾਰੀ ਨਾਲ ਉਤਰ ਪ੍ਰਦੇਸ਼ ਸਭ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਰਾਜਾਂ ਵਿੱਚੋਂ ਇੱਕ ਹੈ, ਜਿੱਥੇ ਗੰਗਾ ਵਿੱਚ ਤਰਦੀਆਂ ਲਾਸ਼ਾਂ ਨੇ ਡਰਾਉਣਾ ਦ੍ਰਿਸ਼ ਪੇਸ਼ ਕੀਤਾ ਹੈ। ਭਾਜਪਾ ਦੇ ਸੂਤਰਾਂ ਅਨੁਸਾਰ ਬੈਠਕ ਵਿੱਚ ਕੋਰੋਨਾ ਦੀ ਦੂਜੀ ਲਹਿਰ ਤੋਂ ਬਾਅਦ ਵਿਗੜੇ ਸਰਕਾਰ ਦੇ ਅਕਸ ਉੱਤੇ ਚਿੰਤਾ ਪ੍ਰਗਟ ਕਰ ਕੇ ਉਸ ਨਾਲ ਨਜਿੱਠਣ ਦੇ ਯਤਨਾਂ ਬਾਰੇ ਚਰਚਾ ਹੋਈ। ਆਕਸੀਜਨ ਦੀ ਕਮੀ, ਗੰਗਾ ਵਿੱਚ ਮਿਲੀਆਂ ਲਾਸ਼ਾਂ, ਵੈਕਸੀਨੇਸ਼ਨ ਦੀ ਹੌਲੀ ਰਫਤਾਰ ਆਦਿ ਮੁੱਦਿਆਂ ਬਾਰੇ ਬੀਤੇ ਦਿਨੀਂ ਭਾਜਪਾ ਬਚਾਅ ਦੇ ਅੰਦਾਜ਼ ਵਿੱਚ ਨਜ਼ਰ ਆਈ। ਕਾਨੂੰਨ ਵਿਵਸਥਾ ਅਤੇ ਹੋਰ ਸਾਰੇ ਮੁੱਦਿਆਂ ਉੱਤੇ ਸਖਤ ਪ੍ਰਸ਼ਾਸਕ ਦਾ ਅਕਸ ਰੱਖਣ ਵਾਲੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਸਰਕਾਰ ਉੱਤੇ ਸਵਾਲ ਉਠ ਰਹੇ ਹਨ। ਭਾਜਪਾ ਤੇ ਸੰਘ ਲਈ ਯੂ ਪੀ ਦੀ ਚਿੰਤਾ ਇਸ ਲਈ ਅਹਿਮ ਹੈ ਕਿ ਵਿਧਾਨ ਸਭਾ ਚੋਣਾਂ ਦੇ ਲਿਹਾਜ਼ ਨਾਲ ਇਹ ਸਭ ਤੋਂ ਵੱਡਾ ਸੂਬਾ ਹੈ ਅਤੇ ਲੋਕ ਸਭਾ ਦੇ ਸਭ ਤੋਂ ਵੱਧ ਅੱਸੀ ਮੈਂਬਰ ਵੀ ਇਸ ਰਾਜ ਤੋਂ ਆਉਂਦੇ ਹਨ। ਇਸ ਹਾਲਤ ਵਿੱਚ ਜੇ 2022 ਵਿੱਚ ਭਾਜਪਾ ਸੱਤਾ ਵਿੱਚ ਵਾਪਸੀ ਕਰਦੀ ਹੈ ਤਾਂ ਫਿਰ ਮਿਸ਼ਨ 2024 ਉਸ ਲਈ ਬਹੁਤ ਮੁਸ਼ਕਲ ਨਹੀਂ ਹੋਵੇਗਾ। ਇਸੇ ਮਕਸਦ ਨਾਲ ਪਾਰਟੀ ਨੇ ਯੂ ਪੀ ਨੂੰ ਫੋਕਸ ਕਰ ਕੇ ਆਪਣੀ ਰਣਨੀਤੀ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ।

## ਭਾਰਤ ਬਾਇਓਟੈਕ ਨੇ ਕੋਵੈਕਸੀਨ ਨੂੰ ਲਿਸਟਿਡ ਕਰਵਾਉਣ ਲਈ ਨੱਬੇ ਫੀਸਦੀ ਦਸਤਾਵੇਜ਼ ਭੇਜੇ

ਨਵੀਂ ਦਿੱਲੀ, 25 ਮਈ (ਪੋਸਟ ਬਿਊਰੋ)- ਭਾਰਤ ਬਾਇਓਟੈਕ ਇੰਟਰਨੈਸ਼ਨਲ ਲਿਮਟਿਡ (ਬੀ ਬੀ ਆਈ ਐੱਲ) ਨੇ ਕੱਲ੍ਹ ਭਾਰਤ ਸਰਕਾਰ ਨੂੰ ਦੱਸਿਆ ਕਿ ਉਸ ਨੇ ਕੋਵੈਕਸੀਨ ਨਾਲ ਜੁੜੇ ਨੱਬੇ ਫੀਸਦੀ ਦਸਤਾਵੇਜ਼ ਡਬਲਯੂ ਐਚ ਓ (ਵਿਸ਼ਵ ਸਿਹਤ ਸੰਗਠਨ) ਨੂੰ ਜਮ੍ਹਾਂ ਕਰਵਾ ਦਿੱਤੇ ਹਨ ਤਾਂ ਕਿ ਹੰਗਾਮੀ ਹਾਲਤ ਵਿੱਚ ਇਸਤੇਮਾਲ ਦੀ ਸੂਚੀ (ਈ ਯੂ ਐੱਲ) ਵਿੱਚਉਸ ਦੇ ਇਸ ਟੀਕੇ ਨੂੰ ਸੂਚੀਬੱਧ ਕਰਵਾਇਆ ਜਾ ਸਕੇ।

ਜਾਣਕਾਰ ਸੂਤਰਾਂ ਮੁਤਾਬਕ ਕੋਵੈਕਸੀਨ ਨੂੰ ਵਿਸ਼ਵ ਸਿਹਤ ਸੰਗਠਨ ਤੋਂ ਹੰਗਾਮੀ ਵਰਤੋਂ ਦੀ ਸੂਚੀ ਵਿੱਚ ਸੂਚੀਬੱਧ ਕਰਵਾਉਣ ਲਈ ਚਰਚਾ ਵਿੱਚ ਹੈਦਰਾਬਾਦ ਦੀ ਕੰਪਨੀ ਨੇ ਦੱਸਿਆ ਕਿ ਬਾਕੀ ਬਚੇ ਦਸਤਾਵੇਜ਼ਜੂਨ ਤੱਕ ਜਮ੍ਹਾਂ ਕਰਵਾਏ ਜਾਣ ਦੀ ਆਸ ਹੈ। ਸੂਤਰਾਂ ਦੇ ਮੁਤਾ-ਬਕ ਕੰਪਨੀ ਨੂੰ ਡਬਲਯੂ ਐਚ ਓ ਦੀ ਹੰਗਾਮੀ ਵਰਤੋਂ ਸੂਚੀ ਵਿੱਚ ਕੋਵੈਕਸੀਨ



ਦੇ ਸੂਚੀਬੱਧ ਹੋਣ ਦਾ ਭਰੋਸਾ ਹੈ। ਉਨ੍ਹਾਂ ਦੱਸਿਆ ਕਿ ਕਿਸੇ ਵੀ ਦੇਸ਼ ਨੇ ‘ਟੀਕਾ ਪਾਸਪੋਰਟ' ਲਾਗੂ ਨਹੀਂ ਕੀਤਾ ਤੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਮਨਜ਼ੂਰੀ ਦੀ ਆਪਣੀ ਵਿਵਸਥਾ ਹੈ, ਬਹੁਤੇ ਕੇਸਾਂ ਵਿੱਚ ਯਾਤਰਾ ਦੇ ਦੌਰਾਨ ਆਰ ਟੀ ਪੀ ਸੀ ਆਰ ਜਾਂਚ ਵਿੱਚ ਕੋਵਿਡ 19 ਨੈਗੇਟਿਵ ਹੋਣ ਦੇ ਸਰਟੀਫਿਕੇਟ ਦੀ ਜ਼ਰੂਰਤ ਹੈ। ਉਨ੍ਹਾਂ ਦੱਸਿਆ ਕਿ ਕੋਵੈਕਸੀਨ ਨੂੰ ਪਹਿਲਾਂ ਹੀ 11 ਦੇਸ਼ਾਂ ਦੀ ਰੈਗੂਲੇਟਰੀ ਮਨਜ਼ੂਰੀ ਮਿਲ ਚੁੱਕੀ ਹੈ। ਸੱਤ ਦੇਸ਼ਾਂ ਦੀਆਂ 11 ਕੰਪਨੀਆਂ ਨੇ ਕੋਵੈਕਸੀਨ ਦੇ ਉਤਪਾਦਨ ਲਈ ਟੈਕਨਾਲੋਜੀ ਟ੍ਰਾਂਸਫਰਦੀ ਰੁਚੀ ਵਿਖਾਈ ਹੈ। ਉਨ੍ਹਾਂ ਦੱਸਿਆ ਕਿ ਅਮਰੀਕਾ ਵਿੱਚ ਛੋਟੇ ਪੈਮਾਨੇ ਤੋਂ ਕੋਵੈਕਸੀਨ ਦੇ ਤੀਸਰੇ ਦੌਰ ਦੇ ਕਲੀਨੀਕਲ ਟੈਸਟ ਲਈ ਅਮਰੀਕਾ ਦੇ ਖੁਰਾਕ ਤੇ ਡਰੱਗ ਪ੍ਰਸ਼ਾਸਨ ਨਾਲ ਗੱਲਬਾਤ ਅੰਤਿਮ ਦੌਰ ਵਿੱਚ ਹੈ ਅਤੇ ਇਸ ਦੇ ਨਾਲ ਹੀ ਬਰਾਜ਼ੀਲ ਅਤੇ ਹੰਗਰੀ ਵਿੱਚ ਕੋਵੈਕਸੀਨ ਦੀ ਰੈਗੂਲੇਟਰੀ ਮਨਜ਼ੂਰੀ ਬਾਰੇ ਜ਼ਰੂਰੀ ਦਸਤਾਵੇਜ਼ਾਂ ਨੂੰ ਜਮ੍ਹਾਂ ਕਰਵਾਉਣ ਦੇ ਅਮਲ ਵਿੱਚ ਕੰਪਨੀ ਆਖਰੀ ਦੌਰ ਵਿੱਚ ਹੈ।

## ਕੋਰੋਨਾ ਕਾਰਨ ਮਾਰੇ ਗਏ ਟਾਟਾ ਸਟੀਲ ਦੇ ਕਾਮਿਆਂ ਦੇ ਵਾਰਸਾਂ ਨੂੰ 60 ਸਾਲ ਦੀ ਉਮਰ ਤੱਕ ਪੂਰੀ ਤਨਖਾਹ ਮਿਲੇਗੀ

ਮੁੰਬਈ, 25 ਮਈ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਕਾਰਨ ਜਾਨ ਗਵਾਉਣ ਵਾਲਿਆਂ ਦਾ ਅੰਕੜਾ ਤਿੰਨ ਲੱਖ ਤੋਂ ਟੱਪ ਗਿਆ ਹੈ। ਮਹਾਮਾਰੀ ਦੀ ਦੂਜੀ ਲਹਿਰ ਵੱਧ ਜਾਨਲੇਵਾ ਸਾਬਤ ਹੋਈ ਹੈ। ਇਸ ਹਾਲਤ ਵਿੱਚ ਕੁਝ ਕੰਪਨੀਆਂ ਆਪਣੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਵਾਰਸਾਂਨੂੰ ਕਈ ਤਰ੍ਹਾਂ ਰਾਹਤ ਪਹੁੰਚਾਉਣ ਦਾ ਕੰਮ ਕਰ ਰਹੀਆਂ ਹਨ। ਇਸ ਲੜੀ ਵਿੱਚ ਟਾਟਾ ਗਰੁੱਪ ਦੀ ਕੰਪਨੀ ਟਾਟਾ ਸਟੀਲ ਨੇ ਐਲਾਨ ਕੀਤਾ ਹੈ ਕਿ ਉਹ ਕੋਰੋਨਾ ਨਾਲ ਆਪਣੇ ਕਿਸੇ ਵੀ ਕਰਮਚਾਰੀ ਦੀ ਮੌਤ ਉੱਤੇਉਸ ਦੀ ਸੱਠ ਸਾਲ ਦੀ ਉਮਰ ਤੱਕ ਉਸ ਦੇ ਪਰਵਾਰ ਨੂੰ ਪੂਰੀ ਤਨਖਾਹ ਦਿੰਦੀ ਰਹੇਗੀ, ਯਾਨੀ ਮ੍ਰਿਤਕ ਕਰਮਚਾਰੀ ਦੀ ਰਿਟਾਇਰਮੈਂਟ ਉਮਰ ਤੱਕ ਉਸ ਦੇ ਪਰਵਾਰ ਨੂੰ ਪੂਰੀ ਤਨਖਾਹ ਮਿਲੇਗੀ। ਇਸ ਸੈਲਰੀ ਦੀ ਰਕਮ ਮ੍ਰਿਤਕ ਕਰਮਚਾਰੀ ਦੀ ਆਖਰੀ ਤਨਖਾਹ ਬਰਾਬਰ ਹੋਵੇਗੀ ਅਤੇ ਬੱਚਿਆਂ ਨੂੰ ਪੜ੍ਹਾਈ, ਮੈਡੀਕਲ ਅਤੇ ਰਿਹਾਇਸ਼ੀ ਸਹੂਲਤਾਂ ਵੀ ਮਿਲਣਗੀਆਂ। ਕੰਪਨੀ ਮੁਤਾਬਕ ਸਾਰੇ ਫਰੰਟਲਾਈਨ ਵਰਕਰਾਂ ਦੀ ਡਿਊਟੀ ਦੌਰਾਨ ਮੌਤ ਹੋਣ ਉੱਤੇ ਵੀ ਉਨ੍ਹਾਂ ਦੇ ਬੱਚਿਆਂ ਦੀ ਭਾਰਤ ਵਿੱਚ ਗ੍ਰੈਜੂਏਸ਼ਨ ਤੱਕ ਦੀ ਪੜ੍ਹਾਈ ਦਾ ਪੂਰਾ ਖਰਚਾ ਕੰਪਨੀ ਉਠਾਏਗੀ।

## ਕੋਰੋਨਾ ਕਾਰਨ ਲੱਗੀਆਂ ਪਾਬੰਦੀਆਂ ਖਤਮ ਕਰਨ ਦੀ ਤਿਆਰੀ

*** ਇੰਗਲੈਂਡ ਤੇ ਇਜ਼ਰਾਈਲ ਵਿੱਚ ਕੁਝ ਰਾਹਤ ਦੇ ਸੰਕੇਤ**



ਲੰਡਨ, 25 ਮਈ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਦੀ ਦੂਜੀ ਲਹਿਰ ਦਾ ਸਾਹਮਣਾ ਕਰ ਚੁੱਕੇ ਬ੍ਰਿਟੇਨ ਵਿੱਚ ਨਵੇਂ ਕੇਸਾਂ ਵਿੱਚ ਲਗਾਤਾਰ ਕਮੀ ਆ ਰਹੀ ਹੈ। ਨਤੀਜੇ ਵਜੋਂ ਇਸ ਨਾਲ ਸਭ ਤੋਂ ਵੱਧ ਪ੍ਰਭਾਵਤ ਰਹੇ ਦੇਸ਼ ਵਿੱਚ ਪਾਬੰਦੀਆਂ ਖਤਮ ਕਰਨ ਦੀ ਤਿਆਰੀ ਕੀਤੀ ਜਾਣ ਲੱਗ ਪਈ ਹੈ। ਇਸ ਬਾਰੇ ਅਧਿਕਾਰੀਆਂ ਨੇ ਕਿਹਾ ਕਿ ਬਚੀਆਂ ਹੋਈਆਂ ਪਾਬੰਦੀਆਂ ਜੂਨਤੱਕ ਖਤਮ ਕੀਤੀਆਂ ਜਾ ਸਕਦੀਆਂ ਹਨ। ਦੂਸਰੇ ਪਾਸੇ ਇਜ਼ਰਾਈਲ ਵਿੱਚ ਇੱਕ ਜੂਨ ਤੋਂ ਤਕਰੀਬਨ ਸਭ ਪਾਬੰਦੀਆਂ ਖਤਮ ਕਰਨ ਦੀ ਤਿਆਰੀ ਹੈ। ਬ੍ਰਿਟੇਨ ਦੇ ਅਧਿਕਾਰੀਆਂ ਨੇ ਦੇਸ਼ ਵਿੱਚ ਅਜੋਕ ਸਮੇਂ ਵਿੱਚ ਕੋਰੋਨਾ ਦੇ ਨਵੇਂ ਵੈਰੀਐਂਟ ਦੇ ਕੇਸ ਵਧਣ ਉੱਤੇ ਚਿੰਤਾ ਪ੍ਰਗਟਾਈ ਹੈ। ਇੱਥੇ ਨਵੇਂ ਵੈਰੀਐਂਟ ਦੇ ਕਰੀਬ ਤਿੰਨ ਹਜ਼ਾਰ ਕੇਸ ਮਿਲੇ ਹਨ। ਇਹ ਵੈਰੀਐਂਟ ਸਭ ਤੋਂ ਪਹਿਲਾਂ ਭਾਰਤ ਵਿੱਚ ਆਇਆ ਸੀ, ਜਦ ਕਿ ਇਸ ਦੇਸ਼ ਭਰ ਕੋਰੋਨਾ ਦੇ ਕੁੱਲ 44 ਲੱਖ 62 ਹਜ਼ਾਰ ਤੋਂ ਵੱਧ ਕੇਸ ਮਿਲੇ ਹਨ ਤੇ ਇੱਕ ਲੱਖ 27 ਹਜ਼ਾਰ ਤੋਂ ਵੱਧ ਦੀ ਮੌਤ ਹੋਈ ਹੈ। ਇਜ਼ਰਾਈਲ ਦੇ ਸਿਹਤ ਮੰਤਰਾਲੇ ਨੇ ਪਹਿਲੀ ਜੂਨ ਤੋਂ ਕਰੀਬ ਸਾਰੀਆਂ ਕੋਰੋਨਾ ਰੋਕੂ ਪਾਬੰਦੀਆਂ ਖਤਮ ਕਰਨ ਦਾ ਐਲਾਨ ਕੀਤਾ ਹੈ। ਦੇਸ਼ ਵਿੱਚ ਲੰਬੇ ਸਮੇਂ ਤੋਂ ਘੱਟ ਗਿਣਤੀ ਵਿੱਚ ਨਵੇਂ ਮਾਮਲੇ ਪਾਏ ਜਾਣ ਉੱਤੇ ਇਹ ਕਦਮ ਚੁੱਕਿਆ ਗਿਆ ਹੈ। ਓਧਰ ਜਾਪਾਨ ਦੇ ਟੋਕੀਓ ਵਿੱਚ ਹੋਣ ਵਾਲੀਆਂ ਓਲੰਪਿਕ ਖੇਡਾਂ ਵਿੱਚ ਸਿਰਫ ਦੋ ਮਹੀਨੇ ਦਾ ਸਮਾਂ ਰਹਿ ਗਿਆ ਹੈ। ਇਸ ਹਾਲਤ ਵਿੱਚ ਸਰਕਾਰ ਨੇ ਇਨਫੈਕਸ਼ਨ ਰੋਕਣ ਦੇ ਯਤਨਾਂ ਵਿੱਚ ਟੀਕਾਕਰਨ ਤੇਜ਼ ਕਰ ਦਿੱਤਾ ਹੈ। ਟੋਕੀਓ ਤੇ ਓਸਾਕਾ ਵਿੱਚ ਵੱਡੇ ਪੱਧਰ ਉੱਤੇ ਟੀਕਾਕਰਨ ਲਈ ਫੌਜੀ ਡਾਕਟਰਾਂ ਅਤੇ ਨਰਸਾਂ ਨੂੰ ਲਾਇਆ ਗਿਆ ਹੈ। ਟੋਕੀਓ ਵਿੱਚ ਰੋਜ਼ਾਨਾ ਦਸ ਹਜ਼ਾਰ ਤੇ ਓਸਾਕਾ ਵਿੱਚ ਪੰਜ ਹਜ਼ਾਰ ਲੋਕਾਂ ਨੂੰ ਟੀਕੇ ਲਗਾਉਣ ਦਾ ਟੀਚਾ ਰੱਖਿਆ ਗਿਆ ਹੈ।

## ਸਿਖਲਾਈ ਪ੍ਰਾਪਤ ਕੁੱਤੇ ਕੋਵਿਡ-19 ਦੀ ਲਾਗ ਦਾ ਪਤਾ ਲਾ ਸਕਦੇ ਨੇ



ਲੰਡਨ, 25 ਮਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਲਾਗ ਤੋਂ ਪੀੜਤ ਲੋਕਾਂ ਦੇ ਸਰੀਰ ਤੋਂ ਵੱਖਰੀ ਕਿਸਮ ਦੀ ਬੋਅ (ਸਮੈਲ) ਆਉਂਦੀ ਹੈ, ਜਿਸ ਦਾ ਸਿਖਲਾਈ ਪ੍ਰਾਪਤ ਕੁੱਤੇ ਸਟੀਕ ਪਤਾ ਲਾ ਸਕਦੇ ਹਨ। ਇਹ ਦਾਅਵਾ ਬ੍ਰਿਟੇਨ ਵਿੱਚ ਹੋਈ ਇੱਕ ਨਵੀਂ ਖੋਜ ਵਿੱਚ ਕੀਤਾ ਗਿਆ ਅਤੇ ਬੜਾ ਅਹਿਮ ਮੰਨਿਆ ਜਾ ਰਿਹਾ ਹੈ।

ਲੰਡਨ ਸਕੂਲ ਆਫ ਹਾਈਜੀਨ ਐਂਡ ਟ੍ਰੋਪੀਕਲ ਮੈਡੀਸਨ (ਐੱਲ ਐੱਸ ਐੱਚ ਟੀ ਐੱਮ) ਵੱਲੋਂ ਇਹ ਖੋਜ ਚੈਰਿਟੀ ਮੈਡੀਕਲ ਡਿਟੈਕਸ਼ਨ ਡੌਗਜ਼ ਐਂਡ ਦਰਹਾਮ ਯੂਨੀਵਰਸਿਟੀ ਨਾਲ ਮਿਲ ਕੇ ਕੀਤੀ ਗਈ ਹੈ। ਇਸ ਨੂੰ ਆਪਣੀ ਕਿਸਮਦੀ ਮੁਕੰਮਲ ਸਟੱਡੀ ਕਿਹਾ ਗਿਆ ਹੈ ਜਿਸ ਨੂੰ ਕੁੱਤਿਆਂ ਦੀ ਸਿਖਲਾਈ, ਬੋਅ ਵਿਸ਼ਲੇਸ਼ਣ ਤੇ ਮਾਡਲਿੰਗ ਨੂੰ ਮਿਲਾ ਕੇ ਤਿਆਰ ਕੀਤਾ ਗਿਆ ਹੈ। ਖੋਜੀਆਂ ਨੇ ਪਤਾ ਲਾਇਆ ਕਿ ਵਿਸ਼ੇਸ਼ ਢੰਗ ਨਾਲ ਸਿਖਲਾਈ ਪ੍ਰਾਪਤ ਕੁੱਤੇ ਬਿਮਾਰੀ ਨੂੰ 94.3 ਫੀਸਦੀ ਤੱਕ ਸੰਵੇਦਨਸ਼ੀਲਤਾ ਅਤੇ 92 ਫੀਸਦੀ ਸਟੀਕਤਾ ਨਾਲ ਪਤਾ ਲਾ ਲੈਂਦੇ ਹਨ। ਪਿਛਲੇ ਹਫਤੇ ਛਪੇ ਖੋਜ ਪੱਤਰ ਮੁਤਾਬਕ ਕੁੱਤੇ ਬਿਨਾਂ ਲੱਛਣ ਵਾਲੇ ਵਿਅਕਤੀਆਂ ਵਿੱਚ ਲਾਗ ਦਾ ਪਤਾ ਲਾਉਣ ਦੇ ਨਾਲ ਕੋਰੋਨਾ ਵਾਇਰਸ ਦੀਆਂ ਕਿਸਮਾਂ ਵਿੱਚ ਵੀ ਫਰਕ ਕਰਨ ਦੇ ਸਮਰੱਥ ਵੀ ਹਨ। ਐੱਲ ਐੱਸ ਐੱਚ ਟੀ ਐੱਮ ਵਿੱਚ ਰੋਗ ਕੰਟਰੋਲ ਵਿਭਾਗ ਦੇ ਮੁਖੀ ਪ੍ਰੋਫੈਸਰ ਜੇਮਸ ਲੋਗਾਨ ਨੇ ਕਿਹਾ, ‘ਨਵੀਂ ਕਿਸਮ ਦੇ ਵਾਇਰਸ ਦੇ ਇਸ ਦੇਸ਼ ਵਿੱਚ ਦਾਖਲ ਹੋਣ ਦੇ ਖਤਰੇ ਕਾਰਨ ਉਸ ਦੀ ਜਾਂਚ ਵਿੱਚ ਕੁਝ ਸਮੇਂ ਲਈ ਅੜਿੱਕਾ ਪੈਦਾ ਹੋ ਸਕਦਾ ਹੈ। ਅਜਿਹੇ ਵਿੱਚ ਕੁੱਤੇ ਅਹਿਮ ਭੂਮਿਕਾ ਨਿਭਾਅ ਸਕਦੇ ਹਨ।' ਉਨ੍ਹਾਂ ਕਿਹਾ ਕਿ ਅਜੇ ਹੋਰ ਅਧਿਐਨ ਕਰਨ ਦੀ ਲੋੜ ਹੈ ਤਾਂ ਜੋ ਪਤਾ ਲਾਇਆ ਜਾ ਸਕੇ ਕਿ ਅਸਲ ਮਾਹੌਲ ਵਿੱਚ ਕੁੱਤੇ ਇਨ੍ਹਾਂ ਨਤੀਜਿਆਂ ਨੂੰ ਦੁਹਰਾ ਸਕਦੇ ਹਨ ਜਾਂ ਨਹੀਂ, ਪਰ ਇਹ ਖੋਜ ਉਤਸ਼ਾਹਜਨਕ ਹੈ।

ਖੋਜੀਆਂ ਨੇ ਦੱਸਿਆ ਕਿ ਮੈਡੀਕਲ ਡਿਟੈਕਸ਼ਨ ਡੌਗਜ਼ ਦੀ ਟੀਮ ਨੇ ਕੋਵਿਡ-19 ਦੀ ਪਛਾਣ ਕਰਨ ਲਈ ਕੁੱਤਿਆਂ ਨੂੰ ਸਿਖਲਾਈ ਦਿੱਤੀ। ਇਸ ਦੌਰਾਨ ਸਰੀਰ ਦੀ ਬੋਅਦੀ ਵਰਤੋਂ ਲਈ ਨੈਸ਼ਨਲ ਹੈਲਥ ਸਰਵਿਸ ਨੇ ਮਾਸਕ, ਜੁਰਾਬਾਂ ਅਤੇ ਟੀ-ਸ਼ਰਟਾਂ ਭੇਜੀਆਂ ਸਨ। ਉਨ੍ਹਾਂ ਦੱਸਿਆ ਕਿ ਇਸ ਪ੍ਰਕਿਰਿਆ ਵਿੱਚ 3758 ਨਮੂਨੇ ਇਕੱਤਰ ਕੀਤੇ ਗਏ ਤੇ ਜਾਂਚ ਲਈ 325 ਪਾਜ਼ੀਟਿਵ ਅਤੇ 675 ਨੈਗੇਟਿਵ ਨਮੂਨਿਆਂ ਨੂੰ ਚੁਣਿਆ ਗਿਆ। ਮੈਡੀਕਲ ਡਿਟੈਕਸ਼ਨ ਡੌਗਜ਼ ਦੇ ਮੁੱਖ ਸਾਇੰਟਿਫਿਕ ਅਫਸਰ ਡਾਕਟਰ ਕਲੇਅਰ ਗੈਸਟ ਨੇ ਕਿਹਾ ਕਿ ਅਧਿਐਨ ਤੋਂ ਸਪੱਸ਼ਟ ਹੈ ਕਿ ਕੁੱਤੇ ਸਹਾਇਤਾ ਕਰ ਸਕਦੇ ਹਨ।




ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM

KULWINDERCHHINA BROKER
647.293.2327

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

**Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ਼ੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ-Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

WANTED
Panjabi Nannies, Caregivers, Cleaning ladies and Cooks for GTA. Please contact at the earliest at:
416-275-7010

A/Z CITY DRIVER WANTED
INNOVATION Transportation
∘ A/Z City Drivers Needed
∘ Good Pay and good Mileage
∘ Day, Afternoon & Weekend Shifts
∘ Weekly Pay
$22 /Hour
∘ 7 Days Work ∘ All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

UPPAL LAW

AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

